Kirpal Singh

੧ੴ ਸਤਿਗੁਰ ਪ੍ਰਸਾਦਿ।

ਮਰਣ ਮੁਣਸਾਂ ਸੂਰਿਆਂ ਹਕੁ ਹੈ ਜਿ ਹੋਇ ਮਰਹਿ ਪਰਵਾਣੋ

# ਸ੍ਰੀ ਨਨਕਾਣਾ ਸਾਹਿਬ
# ਦੀ
# ਸ਼ਹਾਦਤ

ਗੁਰੂ ਨਾਨਕ ਮਿਸ਼ਨ

ਲੜੀ ਦਾ ਤੇਈਵਾਂ ਟ੍ਰੈਕਟ

ਮੁੱਲ ੨੫ ਪੈਸੇ

Digitized by Panjab Digital Library | www.panjabdigilib.org

# ਹੇਠਾਂ ਲਿਖੇ ਸਜਣਾਂ ਤਥਾ ਆਸ਼ਰਮਾਂ ਵਲੋਂ ਇਹ ਟ੍ਰੈਕਟ ਸੰਗਤਾਂ ਵਿਚ ਵੰਡਿਆ ਗਿਆ

1. ਸ੍ਰ: ਸ਼ਮਸ਼ੇਰ ਸਿੰਘ ਜਾਇੰਟ ਡਾਇਰੈਕਟਰ ਖੇਤੀ ਬਾੜੀ (Rtd.) ਸ੍ਰੀ ਗੰਗਾ ਨਗਰ
2. ਬੇਦੀ ਸੁਹਿੰਦਰ ਸਿੰਘ ਵੈਸਟ ਪਟੇਲ ਨਗਰ ਨਵੀਂ ਦਿੱਲੀ ਫੋਨ ਨੰ: 51028
3. ਬੀਬੀ ਕਿਸ਼ਨ ਕੌਰ 13-A, ਮੌਡਲ ਟਾਊਨ ਪਟਿਆਲਾ
4. ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਬਟਾਲਾ

---


ਪ੍ਰਕਾਸ਼ਕ
ਨਰੈਣ ਸਿੰਘ ਸਕਤਰ
ਗੁਰੂ ਨਾਨਕ ਮਿਸ਼ਨ
ਡੇਰਾ ਬਾਬਾ ਜੱਸਾ ਸਿੰਘ
ਪਟਿਆਲਾ।

ਪਹਿਲੀ ਵਾਰ ੨੦੦੦
ਫਰਵਰੀ, ੧੯੬੭

ਛਾਪਕ
ਆਰਮੀ, ਪ੍ਰੈਸ
ਪਟਿਆਲਾ


Digitized by Panjab Digital Library | www.panjabdigilib.org

# ੧

ਸਿਖੀ ਅੰਦਰ ਗੁਰਦੁਆਰੇ ਨੂੰ ਬਹੁਤ ਵਡੀ ਮਹੱਤਤਾ ਪ੍ਰਾਪਤ ਹੈ। ਗੁਰਦੁਆਰਾ ਸਿਖ ਦੀ ਹੋਂਦ ਲਈ ਏਨਾ ਜ਼ਰੂਰੀ ਹੈ ਜਿਨਾ ਸਰੀਰ ਵਾਸਤੇ ਲਹੂ। ਜਿਸ ਤਰਾਂ ਨਰੋਏ ਤੇ ਤਕੜੇ ਸਰੀਰ ਲਈ ਨਰੋਏ ਤੇ ਸ਼ੁਧ ਲਹੂ ਦੀ ਲੋੜ ਹੈ ਇਸੇ ਤਰਾਂ ਸਿਖੀ ਨੂੰ ਪਰਫੁੱਲਤ ਹੋਇਆ ਵੇਖਣ ਲਈ ਗੁਰ ਅਸਥਾਨਾਂ ਦੀ ਪਵਿਤਰਤਾ ਅਤੇ ਗੁਰੂ ਮਰਯਾਦਾ ਦਾ ਕਾਇਮ ਰਖਿਆ ਜਾਣਾ ਜ਼ਰੂਰੀ ਹੈ।

ਗੁਰਦੁਆਰੇ ਦੀ ਏਨੀ ਮਹੱਤਤਾ ਪਿਛੇ ਭੇਦ ਭਰੀ ਗੱਲ ਇਹੋ ਹੈ ਕਿ ਇਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਜੋ ਦਸ ਗੁਰੂ ਸਾਹਿਬਾਨ ਦੀ ਸਦਾ ਜਾਗਦੀ ਆਤਮਕ ਜੋਤ ਹੈ ਜੋ ਅੰਧਕਾਰ ਅੰਦਰ ਦੀਪਕ ਦੀ ਨਿਆਈਂ ਹਨੇਰੇ ਮਨਾਂ ਨੂੰ ਚਾਨਣ ਦੇਂਦਾ ਹੈ

'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਜੋ ਡੋਲਦੇ ਤੇ ਭਟਕਦੇ ਹਿਰਦਿਆਂ ਨੂੰ ਸੀਤਲ ਤੇ ਸੁਖੀ ਕਰਦਾ ਹੈ, ਜਿਥੋਂ ਧਾਰਮਕ ਅਤੇ ਦੁਨਿਆਵੀ ਤਥਾ ਆਤਮਕ ਅਤੇ ਸਰੀਰਕ ਦੋਹਾਂ ਪਹਿਲੂਆਂ ਤੋਂ ਪੂਰੀ ਅਗਵਾਈ ਮਿਲਦੀ ਹੈ, ਜਿਥੋਂ ਝਿਮ ਝਿਮ ਅੰਮ੍ਰਤ ਧਾਰਾ ਵਰਸਦੀ ਹੈ, ਜੋਹਰ ਢੂੰਡਾਊ ਦੇ ਤਪਤ ਹਿਰਦੇ ਨੂੰ ਠਾਰਦੀ ਤੇ ਉਤਸ਼ਾਹਿਤ ਕਰਦੀ ਹੈ, ਜੋ ਆਪਣੇ ਸ਼ਬਦ ਸਰੂਪ ਅੰਦਰ ਵਾਹਿਗੁਰੂ ਦਾ ਗੁਣਾਣਵਾਦ ਹੈ, ਜਿਸ ਦੇ ਪਿਆਰ ਸਹਿਤ ਪੜਣ ਸੁਨਣ ਤੇ ਗਾਉਣ ਨਾਲ ਵਾਹਿਗੁਰੂ ਦੀ ਸਗੁਣੀ ਹੋਂਦ ਪਰਤਖ ਹੁੰਦੀ ਹੈ— ਹਾਂ ਜੋ ਨਿਰ ਆਕਾਰ ਤੇ ਨਿਰੰਜਨ ਈਸ਼ਵਰੀ ਜੋਤਿ ਦਾ ਜਾਗਤ ਸ਼ਬਦ ਸਰੂਪ ਹੈ ਜੋ ਮਨੁਖ ਨੂੰ 'ਜੋਤਿ ਸਰੂਪ' ਹੋਣ ਦੇ ਕਰਮ ਦੀ ਅਨਭਵਤਾ ਬਖਸ਼ਦਾ ਹੈ :

'ਗੁਰ ਕੈ ਬਚਨ ਜਾਗਿਆ ਮੇਰਾ ਕਰਮੁ'

Digitized by Panjab Digital Library | www.panjabdigilib.org

ਸਿਖੀ ਸੰਗਤੀ ਜੀਵਨ ਹੈ। ਸੰਗਤ ਹੀ ਉਹ ਟਕਸਾਲ ਹੈ ਜਿਥੇ ਸਿਖੀ ਜੀਵਨ ਘੜਿਆ ਜਾਂਦਾ ਹੈ ਅਤੇ ਅਜੇਹੇ ਜੀਵਣ ਨੂੰ ਪਰਖਨ ਦੀ ਕਸਵਟੀ ਭੀ ਗੁਰੂ ਕੀ ਸੰਗਤ ਹੈ ਜਿਸ ਦੇ ਜੁੜਣ ਤੇ ਟਕਸਾਲੀ ਘਾੜਤ ਘੜਣ ਦੀ ਥਾਂ ਗੁਰਦੁਆਰਾ ਹੈ । ਇਸ ਨੁਕਤੇ ਤੋਂ ਭੀ ਸਿਖੀ ਅੰਦਰ ਗੁਰਦੁਆਰੇ ਦੀ ਮਹੱਤਤਾ ਮਹਾਨ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸ ਦੀ ਮਹੱਤਤਾ ਬਾਰੇ ਭਾਈ ਗੁਰਦਾਸ ਜੀ ਇਉਂ ਲਿਖਦੇ ਹਨ :

'ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ'

ਗੁਰੂ ਸਾਹਿਬਾਨ ਆਪਣੇ ਜੀਵਣ ਕਾਲ ਅੰਦਰ ਅਜੇਹੇ ਅਸਥਾਨਾਂ ਦੀ ਸਥਾਪਨਾ ਕਰਦੇ ਰਹੇ ਜਿਥੇ ਸਿਖ ਸੰਗਤਾਂ ਜੁੜਦੀਆਂ ਅਤੇ ਗੁਰੂ ਕਿਆਂ ਵਲੋਂ ਵਰੋਸਾਈਆਂ ਜਾਂਦੀਆਂ । ਹਰ ਅਸਥਾਨ ਨਾਲ ਗੁਰੂ ਕਾ ਲੰਗਰ ਹੁੰਦਾ ਅਤੇ ਇਸ ਤਰਾਂ ਇਥੇ ਆਏ ਮਨੁਖ ਮਾਤਰ ਦੀ ਆਤਮਕ ਤੇ ਸਰੀਰਕ ਦੋਹਾਂ ਭੁਖਾਂ ਦੇ ਦੂਰ ਕਰਨ ਦਾ ਸਾਧਨ ਕੀਤਾ ਜਾਂਦਾ । ਗੁਰੂ ਨਾਨਕ ਦੇਵ ਜੀ ਨੇ ਅਜੇਹਾ ਅਸਥਾਨ ਰਾਵੀ ਦੇ ਕੰਢੇ ਕਰਤਾਰ ਪੁਰ ਸੰਥਾਪਤ ਕੀਤਾ । ਐਸੇ ਅਸਥਾਨਾਂ ਦੀ ਸੂਚੀ ਅੰਦਰ ਹੀ ਗੋਇੰਦਵਾਲ, ਸ੍ਰੀ ਰਾਮਦਾਸ ਪੁਰ (ਅੰਮ੍ਰਿਤਸਰ) ਤਰਨ ਤਾਰਨ, ਹਰਿਗੋਬਿੰਦ ਪੁਰ, ਅਕਾਲ ਤਖਤ, ਕੀਰਤ ਪੁਰ, ਅਨੰਦਪੁਰ ਸਾਹਿਬ (ਸਾਬੋ ਕੀ ਤਲਵੰਡੀ) ਆਦਿਕ ਪਵਿਤਰ ਥਾਉਂ ਆਉਂਦੇ ਹਨ । ਇਸ ਇਤਿਹਾਸਕ ਸਚਾਈ ਤੋਂ ਭੀ ਇਹ ਸਪਸ਼ਟ ਹੁੰਦਾ ਹੈ ਕਿ ਸਿਖੀ ਅੰਦਰ ਅਜੇਹੇ ਗੁਰ ਅਸਥਾਨ ਨੂੰ ਵਡੀ ਮਹੱਤਤਾ ਦਿਤੀ ਜਾਂਦੀ ਰਹੀ ਹੈ, ਅਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਪਰਗਟ ਗੁਰਾਂ ਕੀ ਦੇਹ' ਕਹਿ ਕੇ ਸ਼ਖਸੀ ਗੁਰਿਆਈ ਦਾ ਭੋਗ ਪਾ ਦਿਤਾ ਤਾਂ ਇਹ 'ਪਰਗਟ ਗੁਰਾਂ ਕੀ ਦੇਹ' ਜਿਥੇ ੨ ਭੀ ਪ੍ਰਕਾਸ਼ਮਾਨ ਹੋਈ ਉਥੇ ਸੰਗਤਾਂ ਦੇ ਜੁੜ ਬੈਠਣ ਦਾ ਪਰਚਾ ਪਿਆ ਅਤੇ ਉਨਾਂ ਸਾਰੇ ਅਸਥਾਨਾਂ ਦੀ ਮਹੱਤਤਾ ਅਧਕ ਹੋ ਗਈ, ਵਿਸ਼ੇਸ਼ ਕਰਕੇ ਉਹ ਅਸਥਾਨ ਜੋ ਗੁਰੂ ਸਾਹਿਬਾਨ ਦੀਆਂ ਪਵਿਤਰ ਜੀਵਨੀਆਂ

Digitized by Panjab Digital Library | www.panjabdigilib.org

ਨਾਲ ਸਬੰਧਤ ਸਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ ਪਾ ਕੇ ਹੋਰ ਭੀ ਪਾਵਨ ਤੇ ਪਵਿਤਰ ਹੋ ਗਏ ਅਤੇ ਸਮੁਚੇ ਸਿਖ ਸੰਸਾਰ ਦੀ ਯਾਤਰਾ ਦੇ ਕੇਂਦਰ ਬਣ ਗਏ। ਇਨਾਂ ਥਾਵਾਂ ਤੋਂ ਹੀ ਯਾਤਰੂਆਂ ਨੂੰ ਸਿਖੀ ਪਾਹ ਲਗਦੀ ਅਤੇ ਇਹ ਸਿਖ ਧਰਮ ਅੰਦਰ ਪਰਪੱਕ ਹੁੰਦੇ।

ਭਾਰਤ ਅੰਦਰ ਤੁਰਕ ਰਾਜ ਸਮੇਂ ਹਕੂਮਤ ਦਾ ਇਹ ਪਕਾ ਵਿਸ਼ਵਾਸ਼ ਸੀ ਕਿ ਸਿਖਾਂ ਦੀ ਬਹਾਦਰੀ ਦਲੇਰੀ ਤੇ ਸੂਰਬੀਰਤਾ ਦਾ ਇਕੋ ਇਕ ਰਾਜ਼ ਇਹੋ ਗੁਰ ਅਸਥਾਨ ਹੀ ਹਨ ਅਤੇ ਜਦ ਕਦੀ ਨਾਦਰ ਸ਼ਾਹ ਜਾਂ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਹਮਲਾ ਕੀਤਾ ਅਤੇ ਉਨਾਂ ਨੂੰ ਸਿਖਾਂ ਨਾਲ ਟੱਕਰ ਲੈਣੀ ਪਈ ਤਾਂ ਉਨਾਂ ਏਹਨਾਂ ਹਥੋਂ ਤੰਗ ਆ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਢਾਹ ਢੇਰੀ ਕੀਤਾ ਤੇ ਸਰੋਵਰ ਨੂੰ ਪੂਰ ਦੇਣ ਦੇ ਜਤਨ ਕੀਤੇ। ਮੱਸੇ ਰੰਘੜ ਵਲੋਂ ਸ੍ਰੀ ਹਰਿ ਮੰਦਰ ਸਾਹਿਬ ਦੀ ਕੀਤੀ ਜਾ ਰਹੀ ਬੇਅਦਬੀ ਨੂੰ ਨ ਸਹਾਰਦੇ ਹੋਏ ਬੀਕਾਨੇਰ ਦੇ ਥਲਾਂ ਵਿਚੋਂ ਭਾਈ ਮਤਾਬ ਸਿੰਘ ਤੇ ਭਾਈ ਸੁਖਾ ਸਿੰਘ ਦਾ ਆਉਣਾ ਤੇ ਮੱਸੇ ਦਾ ਸਿਰ ਕਟ ਲੈ ਜਾਣਾ ਦਸਦਾ ਹੈ ਕਿ ਸਿਖ, ਗੁਰਦੁਆਰੇ ਦੀ ਅਪਵਿਤ੍ਰਤਾ ਦਾ ਕਿੰਨਾ ਮਹਿੰਗਾ ਮੁੱਲ ਲਿਆ ਕਰਦੇ ਸਨ। ਜਦੋਂ ਅੰਗਰੇਜ਼ ਸਰਕਾਰ ਨੇ ਪੰਜਾਬ ਉਤੇ ਆਪਣਾ ਪੂਰਾ ਤਸੱਲਤ ਬਿਠਾ ਲਿਆ ਅਤੇ ਸਾਰੇ ਭਾਰਤ ਅੰਦਰ ਕੋਈ ਤਾਕਤ ਉਨਾਂ ਦੇ ਟਾਕਰੇ ਦੀ ਸਮਰਥਾ ਵਾਲੀ ਨ ਰਹੀ ਤਾਂ ਕਹਿੰਦੇ ਹਨ ਅੰਗਰੇਜ਼ ਲੋਕ ਸਭਾ ਅੰਦਰ ਇਕ ਪ੍ਰਸ਼ਨ ਦੇ ਉਤਰ ਵਿਚ ਇਹ ਦਸਿਆ ਗਿਆ ਕਿ ਭਾਰਤ ਅੰਦਰ ਅੰਗਰੇਜ਼ੀ ਰਾਜ ਨੂੰ ਅਗਰ ਕਿਸੇ ਦੇਸੀ ਤਾਕਤ ਤੋਂ ਭੈ ਹੋ ਸਕਦਾ ਹੈ ਤਾਂ ਉਹ ਸਿਖਾਂ ਤੋਂ ਹੈ। ਸਿਖ ਦੀ ਸੂਰਬੀਰਤਾ ਤੇ ਦਲੇਰੀ ਦਾ ਸਾਰਾ ਭੇਦ ਇਸ ਦੇ ਉਸ ਭਰੋਸੇ ਤੇ ਸਿਦਕ ਵਿਚ ਹੈ ਜੋ ਇਸ ਨੂੰ ਆਪਣੇ ਗੁਰੂ ਅਤੇ ਗੁਰੂ ਨਾਲ ਸੰਬੰਧਤ ਚੀਜ਼ਾਂ ਤਥਾ ਅਸਥਾਨਾਂ ਤੇ ਹੈ। ਜੇ ਕਰ ਸਿਖਾਂ ਦਾ ਸਿਦਕ ਗੁਰੂ ਗ੍ਰੰਥ ਸਾਹਿਬ ਉਤੋਂ ਡੋਲ ਜਾਏ, ਜੇ ਕਰ ਸਿਖ ਆਪਣੇ ਗੁਰਦੁਆਰਿਆਂ ਦੀ ਮਹੱਤਤਾ ਨੂੰ ਭੁਲਾ ਦੇਵੇ, ਅਤੇ ਜੇਕਰ ਗੁਰੂਆਂ ਅਤੇ ਸਿਖ ਸ਼ਹੀਦਾਂ

Digitized by Panjab Digital Library | www.panjabdigilib.org

ਦਾ ਇਤਿਹਾਸ ਤੇ ਯਾਦਾਂ ਸਿਖ ਤੋਂ ਖੋਹ ਲਈਆਂ ਜਾਣ ਤਾਂ ਸਿਖ ਸਹਿਜੇ ਹੀ ਖਤਮ ਹੋ ਸਕਦਾ ਹੈ ।

ਦੂਰ ਅੰਦੇਸ਼ ਅੰਗਰੇਜ਼ ਦੇ ਇਸ ਕਥਨ ਵਿਚ ਕਿਡੀ ਵਡੀ ਸਚਾਈ ਸੀ, ਇਸ ਨੂੰ ਹਰ ਸੂਝਵਾਨ ਮਨੁਖ ਤੇ ਸਿਖ ਭਲੀ ਤਰ੍ਹਾਂ ਸਮਝ ਸਕਦਾ ਹੈ, ਅੰਗਰੇਜ਼ ਸਰਕਾਰ ਨੇ ਆਪਣੀ ਮੰਤਵ ਪੂਰਤੀ ਲਈ–ਗੁਰੂ ਗਰੰਥ ਸਾਹਿਬ ਦਾ ਸਤਕਾਰ ਘਟਾਉਣ, ਸਿਖ ਇਤਿਹਾਸ ਨੂੰ ਧੁੰਧਲਾ ਕਰਨ, ਗੁਰੂਆਂ ਦੀਆਂ ਇਤਿਹਾਸਕ ਯਾਦਾਂ ਤੇ ਸ਼ਸਤਰ ਪਰਦੇਸੀਂ ਲੈ ਜਾਣ ਅਤੇ ਗੁਰਦੁਆਰਿਆਂ ਨੂੰ ਪੁਜਾਰੀਆਂ ਤੇ ਮਹੰਤਾਂ ਦੀ ਨਿਜੀ ਜਾਇਦਾਦ ਬਣਾ ਦੇਣ ਲਈ ਜੋ ਕੁਝ ਕੀਤਾ ਇਹ ਬਹੁਤ ਵਿਸ਼ਾਲ ਮਜ਼ਮੂਨ ਹੈ ਜਿਸ ਨੂੰ ਛੇੜਨਾ ਸਾਡਾ ਅਜ ਦਾ ਵਿਸ਼ਾ ਨਹੀਂ । ਅਜ ਅਸੀਂ ਆਪਣੇ ਆਪ ਨੂੰ ਕੇਵਲ ਗੁਰਦੁਆਰਿਆਂ ਵਿਸ਼ੇਸ਼ ਕਰਕੇ ਸ੍ਰੀ ਨਨਕਾਣਾ ਸਾਹਿਬ ਦੀ ਇਕ ਘਟਨਾ ਤਕ ਹੀ ਸੀਮਤ ਰਖਾਂਗੇ । ਪਰ ਚੇਤੇ ਰਹੇ ਕਿ ਇਹ ਘਟਨਾ ਗੁਰਦੁਆਰਾ ਸੁਧਾਰ ਲਹਿਰ ਦੀ ਲੰਮੀ ਜੰਜੀਰ ਦੀ ਕੇਵਲ ਇਕ ਕੜੀ ਹੈ ।

ਪਰੰਤੂ ਇਸ ਤੋਂ ਪਹਿਲੋਂ ਇਹ ਜਾਣਨਾ ਜ਼ਰੂਰੀ ਹੈ ਕਿ ਸਮੁਚੇ ਤੌਰ ਉਹ ਕੀ ਕਾਰਨ ਸਨ ਜਿਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿਤਾ ః

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਿੱਛੋਂ ਸਠ ਸੱਤਰ ਸਾਲ ਦਾ ਸਮਾਂ ਖਾਲਸੇ ਲਈ ਡਾਢੇ ਕਰੜੇ ਇਮਤਿਹਾਨ ਦਾ ਸਮਾਂ ਸੀ । ਹਕੂਮਤ ਖਾਲਸੇ ਦਾ ਖੁਰਾ ਖੋਜ ਮਿਟਾ ਦੇਣ ਤੇ ਤੁੱਲੀ ਹੋਈ ਸੀ, ਸ਼ਾਹੀ ਹੁਕਮ ਇਨ੍ਹਾਂ ਸ਼ਬਦਾਂ ਵਿਚ ਜਾਰੀ ਕੀਤੇ ਗਏ ਹੋਏ ਸਨ :

"ਨਾਨਕ ਪਰੱਸਤਾਂ ਰਾ ਹਰ ਜਾ ਕਿ ਬਾਇੰਦ ਬਾ ਕਤਲ ਰਸਾਨੇਦ"

ਨਾਨਕ ਨਾਮ ਲੇਵਾ ਜਿਥੇ ਭੀ ਹੋਣ ਕਤਲ ਕਰ ਦਿਤੇ ਜਾਣ । ਸਿੰਘ ਦੇ ਸਿਰ ਦਾ ਮੁਲ ਮਿਲਦਾ ਸੀ । ਸਿੰਘ ਘਰ ਘਾਟ ਛਡ ਜੰਗਲਾਂ

Digitized by Panjab Digital Library | www.panjabdigilib.org

ਬੇਲਿਆਂ ਅਤੇ ਥਲਾਂ ਵਿਚ ਜਾ ਛੁਪੇ ਸਨ, ਜੋ ਬਾਹਰ ਰਹੇ ਮਾਰੇ ਗਏ। ਅਜੇਹੀ ਹਾਲਤ ਵਿਚ ਗੁਰ ਅਸਥਾਨਾਂ ਦੀ ਸੰਭਾਲ ਸਿੰਘਾਂ ਲਈ ਸੰਭਵ ਹੀ ਨਹੀਂ ਸੀ। ਐਸੇ ਸਮੇਂ ਜੇ ਕਰ ਇਹ ਅਸਥਾਨ ਕਾਇਮ ਰਹਿ ਸਕੇ ਤਾਂ ਇਹ ਉਦਾਸੀ ਸੰਪਰਦਾਂ ਦੇ ਕੇਸ ਰਹਿਤ ਸੰਤਾਂ ਦੇ ਸਦਕੇ ਸੀ ਜਿਨ੍ਹਾਂ ਦਾ ਹਿੰਦੂ ਰੂਪ ਉਨ੍ਹਾਂ ਦੇ ਸਿਖ ਵਿਸ਼ਵਾਸ਼ ਨੂੰ ਨੰਗਾ ਨਹੀਂ ਸੀ ਹੋਣ ਦੇਂਦਾ। ਉਸ ਸਮੇਂ ਇਨਾਂ ਸੰਤਾਂ ਦੀ ਇਹ ਵਡੀ ਸੇਵਾ ਸੀ ਕਿ ਇਨ੍ਹਾਂ ਨੇ ਗੁਰ ਅਸਥਾਨਾਂ ਨੂੰ ਸੰਭਾਲੇ ਰਖਿਆ। ਪਰੰਤੂ ਉਨ੍ਹਾਂ ਦੇ ਨਿਜੀ ਵਿਸ਼ਵਾਸ ਅਤੇ ਪ੍ਰਚਲਤ ਹਿੰਦੂ ਪ੍ਰਭਾਵ ਥੱਲੇ ਗੁਰ ਅਸਥਾਨ ਬ੍ਰਹਿਮਣੀ ਰੰਗਤ ਫੜਦੇ ਗਏ। ਇਨਾਂ ਵਿਚ ਦੇਵੀ ਦੇਵਤਿਆਂ ਤੋਂ ਇਲਾਵਾ ਮਨੋ ਕਲਪਤ ਗੁਰੂ ਮੂਰਤਾਂ ਤੇ ਗੁਰੂ ਬੁਤ ਰਖੇ ਜਾਣੇ ਆਰੰਭ ਹੋ ਗਏ ਅਤੇ ਗੁਰਦੁਆਰਿਆਂ ਵਿਚ ਵੀ ਰਹਿਤ ਮਰਯਾਦਾ ਹਿੰਦੂ ਠਾਕਰ ਦੁਆਰਿਆਂ ਵਾਲੀ ਹੋ ਗਈ। ਫਿਰ ਸਿਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਆਇਆ ਜੋ ਆਪਣੇ ਪੈਰ ਜਮਾਉਣ ਹਿਤ ਜੰਗਾਂ ਯੁਧਾਂ ਵਿਚ ਹੀ ਬੀਤ ਗਿਆ। ਸਿਖ ਰਾਜ ਸਮੇਂ ਭਾਵੇਂ ਗੁਰਦੁਆਰਿਆਂ ਦੀਆਂ ਜਾਇਦਾਦਾਂ ਤੇ ਇਮਾਰਤਾਂ ਬਨਾਉਣ ਵੱਲ ਕੁਝ ਧਿਆਨ ਹੋਇਆ ਪਰੰਤੂ ਇਨਾਂ ਦੀ ਅੰਦਰਲੀ ਰਹਿਤ ਮਰਯਾਦਾ ਉਦਾਸੀ ਸੰਤਾਂ ਦੇ ਹਥ ਹੀ ਰਹੀ ਸੰਨ ੧੮੪੯ ਵਿਚ ਪੰਜਾਬ ਅੰਦਰ ਅੰਗਰੇਜ਼ ਰਾਜ ਹੋ ਜਾਣ ਪਿਛੋਂ ਲਗ ਪਗ ਸੱਤਰ ਸਾਲ ਇਸ ਦਸ਼ਾ ਵਿਚ ਕੋਈ ਫਰਕ ਨਾ ਪੈ ਸਕਿਆ ਬਲਕਿ ਅੰਗਰੇਜ਼ ਗੁਰਦੁਆਰਿਆ ਦੀ ਮਹੱਤਤਾ ਨੂੰ ਘਟਾ ਕੇ ਹੀ ਰਾਜ਼ੀ ਸੀ ਜਿਸ ਲਈ ਸ੍ਰੀ ਹਰਿ ਮੰਦਰ ਸਾਹਿਬ ਅੰਮਰਤਸਰ ਤੇ ਤਰਨ ਤਾਰਨ ਆਦਿ ਗੁਰਦੁਆਰੇ ਤਾਂ ਸਿਧਾ ਸਰਕਾਰੋਂ ਥਾਪੇ ਸਰਬਰਾਹ ਦੇ ਹਥ ਸਉਂਪੇ ਗਏ ਅਤੇ ਹੋਰ ਗੁਰਦੁਆਰਿਆਂ ਲਈ ਸੰਬੰਧਤ ਮਹੰਤ ਅਤੇ ਪੁਜਾਰੀ ਸਰਕਾਰ ਦੇ ਹਥ ਠ�ੋਕੇ ਬਣਾਏ ਗਏ। ਅਤੇ ਇਸ ਪ੍ਰਕਾਰ ਸਰਕਾਰ ਵਲੋਂ ਸ਼ਹਿ ਮਿਲਣ ਨੇ ਇਨਾਂ ਨੂੰ ਆਪਣੀਆਂ ਮਨ ਮਾਨੀਆਂ ਕਰਨ ਲਈ ਥਾਪੜ ਦਿਤਾ।

Digitized by Panjab Digital Library | www.panjabdigilib.org

ਇਸ ਸਮੇਂ ਅੰਦਰ ਹੀ ਸਿੰਘ ਸਭਾ ਲਹਿਰ ਦਾ ਅਰੰਭ ਹੋਇਆ ਜਿਸ ਦੀ ਕੌਮ ਨੂੰ ਸਭ ਤੋਂ ਵਡੀ ਦੇਣ ਵਿਦਿਆ ਪ੍ਰਚਾਰ ਦੇ ਨਾਲ ਸਿਖ ਧਰਮ ਤੇ ਰਹਿਤ ਮਰਯਾਦਾ ਨੂੰ ਠੀਕ ਅਰਥਾਂ ਵਿਚ ਸਿਖੀ ਰੰਗਤ ਦੇਣਾ ਸੀ। ਇਸ ਲਹਿਰ ਨੇ ਭਾਵੇਂ ਪੜ੍ਹੇ ਲਿਖੇ ਨੌਜਵਾਨ ਸਿਖ ਨੂੰ ਤਾਂ ਕਾਫੀ ਪ੍ਰਭਾਵਤ ਕਰਕੇ ਸਿਖੀ ਰਹੁ ਰੀਤ ਦਾ ਧਾਰਨੀ ਬਣਾਇਆ, ਪ੍ਰੰਤੂ ਗੁਰਦੁਆਰਿਆਂ ਦੇ ਮਹੰਤਾਂ ਤੇ ਪੁਜਾਰੀਆਂ ਜੋ ਹਿੰਦੂ ਪ੍ਰਭਾਵ ਥਲੇ ਹੋਣ ਤੋਂ ਇਲਾਵਾ ਸਰਕਾਰ ਦੇ ਇਸ਼ਾਰੇ ਤੇ ਨਚਦੇ ਸਨ, ਸਿੰਘ ਸਭਾ ਲਹਿਰ ਦੇ ਅਸਰ ਨੂੰ ਨਾ ਕਬੂਲਿਆ। ਉਦਾਹਰਣ ਮਾਤਰ ਕੁਝ ਘਟਨਾਵਾਂ ਦਾ ਵਰਨਣ ਲਾਭਦਾਇਕ ਹੋਵੇਗਾ :

(ੳ) ਕਹੀਆਂ ਜਾਂਦੀਆਂ ਅਛੂਤ ਜ਼ਾਤੀਆਂ ਵਿਚੋਂ ਇਕ ਪ੍ਰਾਨੀ ਨੇ ਕੇਸ ਰਖ ਕੇ ਖੰਡੇ ਦਾ ਅੰਮਰਤ ਛਕਿਆ ਤੇ ਆਪਣੇ ਸਾਰੇ ਪ੍ਰਵਾਰ ਨੂੰ ਸਿੰਘ ਸਜਾਇਆ। ਇਹ ਨਵਾਂ ਸਜਿਆ ਸਿੰਘ ਪ੍ਰਵਾਰ ਕੜਾਹ ਪ੍ਰਸ਼ਾਦ ਦਾ ਥਾਲ ਸਿਰ ਤੇ ਉਠਾਏ ਵਡੇ ਸਤਕਾਰ ਨਾਲ ਸ੍ਰੀ ਹਰਿ ਮੰਦਰ ਸਾਹਿਬ ਅੰਮਰਤਸਰ ਦਰਸ਼ਨਾਂ ਨੂੰ ਗਿਆ। ਪੁਜਾਰੀਆਂ ਵਿਚੋਂ ਕਿਸੇ ਨੇ ਇਸ ਨੂੰ ਪਛਾਣ ਲਿਆ ਅਤੇ ਕੇਵਲ ਇਸ ਦਾ ਲਿਆਂਦਾ ਪ੍ਰਸਾਦਿ ਹੀ ਨਹੀਂ ਮੋੜ ਦਿਤਾ ਸਗੋਂ ਉਸ ਨੂੰ ਧਕੇ ਮਾਰ ਕੇ ਬਾਹਰ ਕਢ ਦਿਤਾ। ਇਹ ਬਹੁਤ ਦੁਖੀ ਹੋਇਆ। ਬਾਹਰ ਜਾ ਕੇ ਇਹ ਤੇ ਇਸ ਦੇ ਪ੍ਰਵਾਰ ਨੇ ਈਸਾਈ ਪਾਦਰੀ ਪਾਸੋਂ ਬਪਤਿਸਮਾ ਲੈ ਕੇ ਈਸਾਈ ਮਤ ਧਾਰਨ ਕੀਤਾ, ਕੇਸ ਕਟਾ ਕੇ ਹੈਟ ਪਹਿਨ ਲਿਆ, ਸਮੂਚੀ ਰਹਿਣੀ ਈਸਾਈਆਂ ਵਾਲੀ ਅਥਵਾ ਟਾਈ, ਪੈਂਟ ਕੋਟ ਸਜਾ ਲਏ। ਕੁਝ ਸਮਾਂ ਪਾ ਕੇ ਇਹੋ ਈਸਾਈ ਸਾਹਿਬ ਰੋਅਬ ਨਾਲ ਸ੍ਰੀ ਹਰਿ ਮੰਦਰ ਸਾਹਿਬ ਪੁਜਾ ਜਿਥੇ ਵਡੇ ਸਤਕਾਰ ਨਾਲ ਇਸ ਨੂੰ ਦਰਸ਼ਨ ਕਰਾਏ ਗਏ ਤੇ ਸਿਰੋਪਾ ਭੇਟਾ ਹੋਏ।

(ਅ) ਸਿੰਘ ਸਭਾ ਲਹਿਰ ਨੇ ਬਹੁਤ ਸਾਰੇ ਰਵਦਾਸੀ ਤੇ ਮਜ਼ਹਬੀਆਂ ਨੂੰ ਅੰਮਰਤ ਛਕਾ ਕੇ ਸਿੰਘ ਸਜਾਇਆ ਸੀ, ਅੰਮ੍ਰਤਸਰ

Digitized by Panjab Digital Library | www.panjabdigilib.org

ਇਨਾਂ ਦੀ ਕਾਫੀ ਗਿਣਤੀ ਸੀ । 'ਖਾਲਸਾ ਬਾਦਰੀ' ਦੇ ਨਾਮ ਹੇਠ ਇਹ ਸਾਲਾਨਾ ਦੀਵਾਨ ਕਰਦੇ ਹੁੰਦੇ ਸਨ । ਸੰਨ ੧੯੨੦ ਦੇ ਅਕਤੂਬਰ ਦੀ ੧੧, ੧੨ ਤਾਰੀਖ ਨੂੰ ਇਨਾਂ ਸਾਲਾਨਾ ਦੀਵਾਨ ਕੀਤਾ ਜਿਥੇ ਅੰਮਰਤ ਪ੍ਰਚਾਰ ਭੀ ਹੋਇਆ । ਉਪਰੰਤ ਨਵੇਂ ਸਜੇ ਸਿੰਘਾਂ ਸਮੇਤ ਇਹ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਹਰਿ ਮੰਦਰ ਸਾਹਿਬ ਆਏ । ਇਸ ਸਮੇਂ ਖਾਲਸਾ ਕਾਲਜ ਅੰਮਰਤਸਰ ਦੇ ਕਈ ਪ੍ਰੋਫੈਸਰ ਤੇ ਵਿਦਿਆਰਥੀ ਭੀ ਇਨਾਂ ਦੇ ਨਾਲ ਸਨ । ਪੁਜਾਰੀਆਂ ਨੇ ਇਨਾਂ ਦੇ ਪ੍ਰਸਾਦਿ ਦਾ ਅਰਦਾਸਾ ਸੋਧਨ ਤੋਂ ਨਾਂਹ ਕਰ ਦਿਤੀ ਤਾਂ ਖਾਲਸਾ ਕਾਲਜ ਦੇ ਇਕ ਵਿਦਿਆਰਥੀ ਨੇ ਅਰਦਾਸਾ ਸੋਧਿਆ ਅਤੇ ਹਾਲਾਂ ਪ੍ਰਸਾਦਿ ਵਰਤਣਾ ਸੀ ਕਿ ਉਸ ਸਮੇਂ ਦੇ ਅਕਾਲੀ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਤੇਜਾ ਸਿੰਘ ਭੁਚਰ ਸੁਭਾਵਕ ਹੀ ਉਥੇ ਪੁਜ ਗਏ । ਜਦ ਇਨਾਂ ਨੂੰ ਸਾਰੀ ਗੱਲ ਦਾ ਪਤਾ ਲਗਾ ਤਾਂ ਝੱਬਰ ਸਾਹਿਬ ਨੇ ਜੋ ਸ਼ੁਧੀ ਪ੍ਰਚਾਰ ਦੇ ਹਾਮੀ ਸਨ, ਕੁਝ ਮਿੰਟ ਵਡੇ ਪ੍ਰਭਾਵ ਸ਼ਾਲੀ ਤਰੀਕੇ ਨਾਲ ਸਮਝਾਇਆ । ਅਖੀਰ ਫੈਸਲਾ ਹੋਇਆ ਕਿ ਖਾਲਸਾ ਬਰਾਦਰੀ ਦੇ ਸਿੰਘ ਪ੍ਰਸਾਦਿ ਦੀ ਨਵੀਂ ਦੇਗ ਲਿਆਉਣ ਤੇ ਅਰਦਾਸੀਆ ਪੁਜਾਰੀ ਅਰਦਾਸਾ ਸੋਧੇ । ਭਾਈ ਮਤਾਬ ਸਿੰਘ ਬੀਰ ਤੇ ਉਨ੍ਹਾਂ ਦੇ ਸਾਥੀ ਪੰਝੀ ਰੁਪੇ ਦੀ ਨਵੀਂ ਦੇਗ ਲਿਆਏ । ਅਰਦਾਸੀਏ ਨੇ ਅਰਦਾਸਾ ਸੋਧਿਆ ਉਪਰੰਤ ਮਹਾਰਾਜ ਦਾ ਹੁਕਮ ਲਿਆ ਗਿਆ ਤਾਂ ਘਟ ੨ ਦੇ ਜਾਣਨਹਾਰ ਗਰੀਬ ਨਿਵਾਜ ਬਿਰਦ ਪਾਲਕ ਸਤਿਗੁਰੂ ਨੇ ਇਹ ਹੁਕਮ ਬਖਸ਼ਿਆ ਃ ਸੋਰਠ ਮਃ ੩

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ।
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ
ਹਰਿ ਜੀਉ ਆਪੇ ਬਖਸਿ ਮਿਲਾਇ ।
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ।
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ

Digitized by Panjab Digital Library | www.panjabdigilib.org

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ
ਗੁਰ ਬਿਨ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ
ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ
ਪ੍ਰੇਮ ਪਦਾਰਥੁ ਪਾਈਐ ਭਈ ਸਚੁ ਨਾਮੁ ਆਧਾਰੁ
ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਗਾਉ ਪਾਇ
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ
ਸਚੁ ਬਾਣੀ ਸਚੁ ਸਬਦ ਹੈ ਭਾਈ ਗੁਰ ਕਿਰਪਾ ਤੇ ਹੋਇ
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸ ਬਿਘਨੁ ਨ ਲਾਗੈ ਕੋਇ ।

ਸਿਦਕੀ ਮਨਾਂ ਲਈ ਇਹ ਅਤਿ ਭਾਵ ਪੂਰਤ ਫੁਰਮਾਨ ਸੀ । ਸਤਿਗੁਰੂ ਜੀ ਨੇ ਮੌਕੇ ਦੀ ਸਥਿਤੀ ਅਨਕੂਲ ਧੁਰੋਂ ਹੁਕਮ ਬਖਸ਼ਿਆ ਸੀ । ਸਾਰੀ ਸੰਗਤ ਬਲਕਿ ਵਾਯੂ ਮੰਡਲ 'ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ' ਨਾਲ ਗੂੰਜ ਉਠਿਆ, ਡੋਲਦੇ ਹਿਰਦੇ ਭੀ ਸਿਦਕ ਵਿਚ ਡੁੱਲ੍ਹ ਗਏ, ਹੁਣ ਪ੍ਰਸ਼ਾਦ ਵਰਤਿਆ ਤੇ ਪੁਜਾਰੀਆਂ ਨੇ ਪ੍ਰਸ਼ਾਦ ਲਿਆ ਪਤੂ ਬਹੁਤਿਆਂ ਨੇ ਇਹ ਪ੍ਰਸ਼ਾਦ ਖਾਧਾ ਨਹੀਂ । ਝੱਬਰ ਜੀ ਨੇ ਸਾਰੀ ਸੰਗਤ ਨੂੰ ਏਂਵੇਂ ਹੀ ਸ੍ਰੀ ਅਕਾਲ ਤਖਤ ਪੂਜਣ ਤੇ ਪ੍ਰਸ਼ਾਦ ਭੇਟ ਕਰਨ ਲਈ ਪ੍ਰੇਰਿਆ ।

ਸ੍ਰੀ ਹਰਿ ਮੰਦਰ ਸਾਹਿਬ ਅੰਦਰ ਇਹ ਗੱਲ ਵਰਤੀ ਵੇਖ ਅਕਾਲ ਤਖਤ ਸਾਹਿਬ ਦੇ ਪੁਜਾਰੀ ਤਖਤ ਨੂੰ ਸੁੰਵਾ ਛਡ ਕੇ ਅਗੇ ਪਿਛੇ ਹੋ ਗਏ ਤਾਂ ਕਿ ਉਨਾਂ ਨੂੰ ਖਾਲਸਾ ਬਰਦਾਰੀ ਦੇ ਸਿੰਘਾਂ ਦਾ ਲਿਆਂਦਾ ਪ੍ਰਸ਼ਾਦ ਨਾਂ

Digitized by Panjab Digital Library | www.panjabdigilib.org

ਲੈਣਾ ਪਵੇ । ਜਦੋਂ ਸਾਰੀ ਸੰਗਤ ਹਰਿ ਮੰਦਰ ਸਾਹਿਬ ਤੋਂ ਏਥੇ ਪੁਜੀ ਤੇ ਤਖਤ ਨੂੰ ਪੁਜਾਰੀਆਂ ਤੋਂ ਖਾਲੀ ਵੇਖਿਆ ਤਾਂ ਸ੍ਰ: ਕਰਤਾਰ ਸਿੰਘ ਝੱਬਰ ਦੀ ਅਪੀਲ ਤੇ ੧੭ ਸਿੰਘਾਂ ਨੇ ਆਪਣੇ ਆਪ ਨੂੰ ਤਖਤ ਦੀ ਸੇਵਾ ਲਈ ਪੇਸ਼ ਕੀਤਾ ਅਤੇ ਸ੍ਰ: ਤੇਜਾ ਸਿੰਘ ਭੁਚੱਰ ਦੀ ਜਥੇਦਾਰੀ ਹੇਠ ਇਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲੀ ਗਈ । ਇਸ ਤਰਾਂ ਮਿਤੀ ੧੨-੧੦-੨੦ ਨੂੰ ਤਖ਼ਤ ਸਾਹਿਬ ਦਾ ਪ੍ਰਬੰਧ ਸਿੰਘਾਂ ਨੇ ਸੰਭਾਲ ਲਿਆ । ਉਸ ਦਿਨ ਤੋਂ ਪਿਛੋਂ ਏਥੇ ਜੋ ੨ ਘਟਨਾਵਾਂ ਹੋਈਆਂ ਇਹ ਲੰਮੀ ਕਥਾ ਹੈ ਸਾਡੇ ਇਸ ਲੇਖ ਦਾ ਮੰਤਵ ਤਾਂ ਕੇਵਲ ਇਹ ਦਰਸਾਉਣਾ ਹੀ ਹੈ ਕਿ ਉਸ ਸਮੇਂ ਗੁਰਦੁਆਰੇ ਕਿਥੋਂ ਤਕ ਸਿਖ ਆਦਰਸ਼ ਦੀ ਪੂਰਤੀ ਕਰ ਰਹੇ ਸਨ ਅਤੇ ਇਨ੍ਹਾਂ ਦੇ ਮਹੰਤਾਂ ਤੇ ਪੁਜਾਰੀਆਂ ਦਾ ਸਿਖ ਜਨਤਾ ਨਾਲ ਵਰਤਾਉ ਕਿਹੋ ਜੇਹਾ ਸੀ । ਇਹ ਸਿੰਘ ਸਭਾ ਲਹਿਰ ਲਈ ਵਡੀ ਘਿਰਨਾ ਰਖਦੇ ਸਨ 'ਸਿੰਘ ਸਭੀਆ' ਜਾਂ' ਸਿੰਘ ਸਫੀਆ' ਇਕ ਘਿਰਣਤ ਪਦ ਸੀ, ਕਛਹਿਰਾ ਤੇ ਗਾਤਰੇ ਕ੍ਰਿਪਾਨ ਰਖਣ ਵਾਲਾ ਸਿੰਘ ਸਮਾਜ ਦਾ ਬਾਗੀ ਸਮਝਿਆ ਜਾ ਕੇ ਉਸ ਵਲੋਂ ਪਾਸਾ ਕੀਤਾ ਜਾਂਦਾ ਸੀ ਧਰਮ ਅਸਥਾਨਾਂ ਅੰਦਰ ਉਸ ਦਾ ਥਾਂ ਓਪਰਿਆਂ ਵਾਲਾ ਹੁੰਦਾ, ਬਲਕਿ ਕਈ ਥਾਂਈਂ ਉਨਾਂ ਨੂੰ ਮਾਰਿਆ ਤੇ ਬੇਇਜ਼ਤ ਕੀਤਾ ਜਾਂਦਾ ਤੇ ਉਨਾਂ ਦੀਆਂ ਕ੍ਰਿਪਾਨਾਂ ਉਤਾਰ ਲਈਆਂ ਜਾਂਦੀਆਂ । ਸ. ਬ. ਸ. ਸੁੰਦਰ ਸਿੰਘ ਮਜੀਠੀਆ, ਜੋ ਸਿੰਘ ਸਭਾ ਲਹਿਰ ਦੇ ਮੋਢੀ ਸੇਵਾਦਾਰਾਂ ਵਿਚੋਂ ਸੀ ਅਤੇ ਪੰਜਾਬ ਭਰ ਦੇ ਸਿਖਾਂ ਅੰਦ੍ਰ ਮੰਨੀ ਪ੍ਰਮੰਨੀ ਹਸਤੀ ਸਨ, ਜਦੋਂ ਆਪਣੇ ਲੜਕੇ ਸ੍ਰ: ਕ੍ਰਿਪਾਲ ਸਿੰਘ ਦਾ ਵਿਆਹ ਕਰਕੇ ਪ੍ਰਸ਼ਾਦ ਭੇਟ ਕਰਨ ਸ੍ਰੀ ਹਰਿ ਮੰਦਰ ਸਾਹਿਬ ਆਏ ਤਾਂ ਪੁਜਾਰੀਆਂ ਨੇ ਇਨ੍ਹਾਂ ਦੀ ਅਰਦਾਸ ਨਾ ਕੀਤੀ ਕਿਉਂਕਿ ਆਪ ਨੇ ਲੜਕੇ ਦਾ ਗੁਰਮਤ ਰੀਤੀ ਅਨੁਸਾਰ ਅਨੰਦ ਵਿਆਹ ਕੀਤਾ ਸੀ । ਉਸ ਸਮੇਂ ਖਾਲਸਾ ਟ੍ਰੈਕਟ ਸੋਸਾਇਟੀ ਵਲੋਂ ਪ੍ਰਕਾਸ਼ੇ 'ਮਾਂ ਨੀ,' ਸਿੰਘ ਸਫੀਏ, ਆਦੀ ਲੇਖ ਭੀ ਇਸ ਗੱਲ ਦਾ ਸਬੂਤ ਹਨ ਕਿ ਸਿੰਘ ਸਭਾ ਲਹਿਰ ਦੇ ਸੁਧਾਰਕ ਰੋਲ ਦਾ ਕਿੰਨਾਂ ਭੈ ਛਾਇਆ ਹੋਇਆ ਸੀ ।

(ੲ) ਏਥੇ ਹੀ ਬਸ ਨਹੀਂ, ਗੁਰਦੁਆਰਿਆਂ ਦੇ ਮਹੰਤ ਤੇ ਪੁਜਾਰੀ ਗੁਰਦੁਆਰੇ ਆਏ ਸਿੰਘਾਂ ਦੀ ਵਸ ਲਗਦੇ ਬੇਪਤੀ ਕਰਦੇ। ਇਸ ਕੰਮ ਲਈ ਮਹੰਤ ਬਦਮਾਸ਼ਾਂ ਨਾਲ ਗੰਢਜੋੜ ਰਖਦੇ, ਉਨਾਂ ਲਈ ਸ਼ਰਾਬ ਕਬਾਬ ਦੇ ਲੰਗਰ ਚਲਦੇ, ਬਲਕਿ ਅਜੇਹੇ ਬਦਮਾਸ਼ ਤੇ ਭਗੌੜੇ ਕਾਤਲ ਤਥਾ ਡਾਕੂ ਮਹੰਤਾਂ ਪਾਸ ਉਚੇਚੇ ਤੌਰ ਭਰਤੀ ਰਖੇ ਜਾਂਦੇ, ਮਿਸਾਲ ਦੇ ਤੌਰ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਪਾਸ ਸੰਨ ੧੯੨੦-੨੧ ਵਿਚ ੨੮ ਪਠਾਣ ਅਤੇ ਕਈ ਮਾਝੇ (ਜ਼ਿਲਾ ਲਾਹੌਰ) ਦੇ ਭਗੌੜੇ ਡਾਕੂ ਤੇ ਕਾਤਲ ਰਖੇ ਹੋਏ ਸਨ। ਇਨਾਂ ਤੋਂ ਇਲਾਵਾ ਮਹੰਤ ਦੇ ਨਿਜੀ ਗੁਰ ਭਾਈ ਪਤੀਦਾਰ ਅਤੇ ਅਜੇਹੇ ਚੇਲੇ ਵੀ ਸਨ ਜਿਨਾਂ ਦਾ ਨਿਤ ਕਰਮ ਭਰਤੀ ਕੀਤੇ ਪਠਾਣਾਂ ਤੇ ਮਝੈਲਾਂ ਤੋਂ ਕਿਸੇ ਤਰਾਂ ਘਟ ਨਹੀਂ ਸੀ।

ਇਹ ਲੋਕ ਨਿਰਾ ਸਿੱਖ ਯਾਤਰੂਆਂ ਦੀ ਹੀ ਬੇਪਤੀ ਨਹੀਂ ਸਨ ਕਰਦੇ, ਸਗੋਂ ਹਨੇਰੇ ਸਵੇਰੇ ਆਈ ਇਕੱਲੀ ਦੁਕੱਲੀ ਇਸਤ੍ਰੀ ਦੀ ਇਜ਼ਤ ਭੀ ਮਹਿਫੂਜ਼ ਨਹੀਂ ਸੀ, ਮਸਿਆ ਦੇ ਇਕ ਮੇਲੇ ਤੇ ਲਾਇਲਪੁਰ ਤੋਂ ਆਈਆਂ ਛੀ ਬੀਬੀਆਂ ਨੂੰ ਜਿਸਤਰਾਂ ਮਹੰਤ ਦੇ ਚਾਟੜਿਆਂ ਨੇ ਬੇਇਜਤ ਕੀਤਾ, ਫਿਰ ਇਕ ਸਿੰਧੀ ਸੈਸ਼ਨ ਜੱਜ ਯਾਤਰੂ ਦੀ ਜੁਬਾ ਅਵਸਥਾ ਕੁਆਰੀ ਲੜਕੀ ਦਾ ਮਹੰਤ ਦੇ ਚੇਲੇ ਨੇ ਜਿਸ ਤਰਾਂ ਸਤ ਭੰਗ ਕੀਤਾ ਅਤੇ ਜਿਵੇਂ ਮਹੰਤ ਨੇ ਉਸ ਦੀ ਪਿਠ ਠੋਕੀ, ਇਹ ਉਸ ਸਮੇਂ ਦੀਆਂ ਉਘੀਆਂ ਤੇ ਆਮ ਕਥੀਆਂ ਸੁਣੀਆਂ ਘਟਨਾਵਾਂ ਸਨ। ਨਰੈਣ ਦਾਸ ਦੇ ਗੁਰੂ ਮਹੰਤ ਕਿਸ਼ਨ ਦਾਸ ਨੇ ਸ੍ਰੀ ਜਨਮ ਅਸਥਾਨ ਤੇ ਵੇਸਵਾ ਨਾਚ ਕਰਾਇਆ ਨਰੈਣ ਦਾਸ ਨੇ ਇਕ ਮਿਰਾਸਨ ਨੂੰ ਘਰ ਪਾ ਕੇ ਉਸ ਦੇ ਲਈ ਉਚੇਚਾ ਮਹਿਲ ਤਿਆਰ ਕਰਾਇਆ ਜੋ ਹੁਣ ਤਕ ਮਿਰਾਸਨ ਵਾਲਾ ਮਹਿਲ ਕਰਕੇ ਪ੍ਰਚਲਤ ਹੈ। ਉਹਨੀ ਦਿਨੀ ਸੰਤ ਸੂਰਜ ਸਿੰਘ ਨਾਮ ਦੇ ਕਵੀ ਪ੍ਰਚਾਰਕ ਨੇ 'ਜਾਗ੍ਰਤ ਖਾਲਸਾ' ਨਾਮ ਦੀ ਇਕ ਫ਼ਾਰ ਪ੍ਰਕਾਸ਼ਤ ਕਰਾਈ

Digitized by Panjab Digital Library | www.panjabdigilib.org

ਸੀ ਜਿਸ ਵਿਚੋਂ ਇਕ ਪਉੜੀ ਗੁ: ਜਨਮ ਅਸਥਾਨ ਦੇ ਮਹੰਤ ਬਾਰੇ ਇਉਂ ਲਿਖੀ ਹੈ:

'ਹੋ ਮਹੰਤ ਗੁਰ ਧਾਮ ਦੇ ਕੀ ਕਿਰਤ ਕਮਾਈ
ਇਕ ਡੂੰਮਨੀ ਉਸ ਨੇ ਘਰ ਵਿਚ ਵਸਾਈ
ਵਿਸ਼ੇ ਪਰਾਇਨ ਹੋ ਰਿਹਾ ਸਭ ਬੁਧ ਨਸਾਈ
ਪੁੱਤਰ ਧੀਆਂ ਉਸ ਤੋਂ ਬੈਠਾ ਉਪਜਾਈ
ਨਾਮ ਉਨਾਂ ਦੇ ਲਾਂਵਦਾ ਸੀ ਵਿਰਸਾ ਭਾਈ
ਲਾਜ ਨਾ ਸਾਧੂ ਭੇਖ ਦੀ ਭੈੜੇ ਨੂੰ ਆਈ
ਪੀਏ ਸ਼ਰਾਬ ਨਿਤ ਹੀ ਬਣ ਰਿਹਾ ਸ਼ੁਦਾਈ
ਚੋਰ ਉਚੱਕੇ ਧਾੜਵੀ ਬਹੁ ਪਾਸ ਬੁਲਾਈ
ਦੇਖ ਦੇਖ ਰਹੇ ਸਿੰਘ ਦੁਖਾਈ ।

ਇਹ ਹਨ ਉਸ ਸਮੇਂ ਦੇ ਗੁਰਦੁਆਰਿਆਂ ਅਤੇ ਗੁਰਦੁਆਰਾ ਪ੍ਰਬੰਧਕਾਂ (ਮਹੰਤਾਂ ਅਤੇ ਪੁਜਾਰੀਆਂ) ਦੀਆਂ ਧਾਰਮਕ ਤੇ ਆਚਰਨਕ ਦਸ਼ਾਂ ਦੀਆਂ ਕੁਝ ਕੁ ਵੰਨਗੀਆਂ । ਇਸ ਤੋਂ ਇਲਾਵਾ ਗੁਰਦੁਆਰਿਆਂ ਦੀਆਂ ਜਾਇਦਾਦਾਂ ਜੋ ਬਹੁਤ ਕਰਕੇ ਸਿਖ ਰਾਜ ਸਮੇਂ ਗੁਰ ਅਸਥਾਨਾ ਨਾਲ ਸੰਬੰਧਤ ਕੀਤੀਆਂ ਗਈਆਂ ਸਨ, ਨੂੰ ਨਿਜੀ ਵਿਰਾਸਤ ਬਣਾ ਲੈਣ ਦੇ ਜਤਨ ਭੀ ਕੀਤੇ ਜਾਂਦੇ । ਜੋ ਜਾਇਦਾਦ ਜਾਂ ਜਮੀਨ ਅਰੰਭ ਵਿਚ ਗੁਰੂ ਕੇ ਲੰਗਰ ਆਦਿਕ ਲਈ ਗੁਰਦੁਆਰੇ ਦੇ ਨਾਮ ਲਗਾਈ ਗਈ ਸੀ ਉਸ ਨੂੰ ਹੌਲੀ ਹੌਲੀ ਕੁਝ ਪੁਸ਼ਤਾਂ ਅੰਦਰ ਮਹੰਤਾਂ ਪੁਜਾਰੀਆਂ, ਉਨਾਂ ਦੇ ਗੁਰ ਭਾਈਆਂ ਤੇ ਚੇਲਿਆਂ ਨੇ ਆਪੋ ਵਿਚ ਵੰਡ ਕੇ ਆਪੋ ਆਪ ਕਬਜੇ ਬਣਾ ਲੈ ਹੋਏ ਸਨ । ਉਦਾਹਰਨ ਮਾਤਰ ਗੁਰਦੁਆਰਾ ਜਨਮ ਅਸਥਾਨ ਦੀ ਕਈ ਹਜ਼ਾਰ ਘੁਮਾਵਾਂ ਦੀ ਜ਼ਮੀਨ ਦਾ ਮਾਲਕ ਇਕੱਲਾ ਮਹੰਤ ਨਰੈਣ ਦਾਸ ਹੀ ਨਹੀਂ ਸੀ, ਸਗੋਂ ਉਸ ਤੋਂ ਬਿਨਾਂ ਬਾਵਾ ਸਾਹਬ ਦਾਸ, ਲਾਭ

Digitized by Panjab Digital Library | www.panjabdigilib.org

ਦਾਸ, ਗੰਗਾ ਰਾਮ, ਆਤਮਾ ਰਾਮ, ਅਤਰ ਦਾਸ ਆਦਿ ਕਿੰਨੇ ਹੋਰ ਮਾਲਕ ਬਣੇ ਹੋਏ ਸਨ। ਇਸੇ ਤਰਾਂ ਗੁਰਦੁਆਰਾ ਮਾਲ ਜੀ ਤੇ ਕਿਆਰਾ ਸਾਹਿਬ ਦੀਆਂ ਜ਼ਮੀਨਾਂ ਦੇ ਕਈ ਮਾਲਕ ਸਨ। ਇਕੱਲੇ ਗੁ: ਬਾਲ ਲੀਲਾ ਦਾ ਇਕ ਮਹੰਤ ਤੇ ੩੭ ਹੋਰ ਪਤੀਦਾਰ ਸਨ ਜਿਨਾਂ ਨੇ ਆਪੋ ਵਿਚ ਸਮੁਚੀ ਜਾਇਦਾਦ ਜ਼ਰਈ ਤੇ ਸਿਕਨੀ ਨੂੰ ਲੀਰੋ ਲੀਰ ਕੀਤਾ ਹੋਇਆ ਸੀ। ਫਿਰ ਇਹ ਲੋਕ ਨਿਰਾ ਇਨ੍ਹਾਂ ਜ਼ਮੀਨਾਂ ਦੀਆਂ ਆਮਦਨਾਂ ਹੀ ਨਹੀਂ ਖਾ ਉੜਾ ਰਹੇ ਸਨ ਬਲਕਿ ਇਨਾਂ ਹਥੋਂ ਕਈ ਜ਼ਰਈ ਜ਼ਮੀਨਾ ਦੇ ਟੁਕੜੇ ਮਾਮੂਲੀ ਪੈਸੇ ਤਾਰ ਕੇ ਜਾਂ ਕਿਸੇ ਹੋਰ ਬਹਾਨੇ ਹੋਰ ਲੋਕਾਂ ਨੇ ਬੈ ਜਾਂ ਮੌਰੂਸ ਕਰਾ ਲੈ ਹੋਏ ਸਨ ਯਥਾ ਗੁ: ਮਾਲ ਜੀ ਸਾਹਿਬ ਦਾ ੨੨੫ ਏਕੜ ਰਕਬਾ ਸੂ: ਬੁਲਾਕਾ ਸਿੰਘ ਭੰਬੇ ਨੇ, ਚਾਹ ਖਿਪਵਾਲੀ ਦੇ ਮੌਰੂਸੀ ਹਕੂਕ ਮਹੰਮਦੇ ਵਸੀਰ ਨੇ, ਵੜਾ ਤਖਾਣਾਂ ਤੁਖਾਣਾਂ ਸੁਦਾਰਾਂ ਨੇ, ਅਤੇ ਪੰਦਰਾਂ ਸੌ ਘੁਮਾਵਾਂ ਦਾ ਪੈੜੇ ਵਾਲੀ ਦਾ ਸਾਲਮ ਪਿੰਡ ਮੁਸਲਮਾਨ ਵਾਹਕਾਂ ਨੇ ਸਾਂਭ ਲਿਆ ਹੋਇਆ ਸੀ, ਜੋ ਮੁੜਕੇ ਕਦੀ ਵੀ ਗੁਰਦੁਆਰਿਆਂ ਦੀ ਮਲਕੀਅਤ ਨ ਬਣ ਸਕੇ। ਇਸ ਤੋਂ ਇਲਾਵਾ ਨਨਕਾਣਾ ਸਾਹਿਬ ਸ਼ਹਿਰ ਦੀ ਲਖਾਂ ਰੁਪੈ ਦੀ ਜਾਇਦਾਦ ਜਿਸ ਨੂੰ ਮਹੰਤ ਇਹਾਤਿਆਂ ਦੇ ਰੂਪ ਵਿਚ ਵੇਚ ਵਟਕੇ ਖਾ ਗਏ, ਉਸ ਦਾ ਤਾਂ ਕੋਈ ਹਿਸਾਬ ਹੀ ਨਹੀਂ। ਇਹੋ ਹਾਲਤ ਦੇਸ਼ ਭਰ ਦੇ ਹੋਰ ਸਾਰੇ ਇਤਹਾਸਕ ਗੁਰਦੁਆਰਿਆਂ ਨਾਲ ਸੰਬੰਧਤ ਜਾਇਦਾਦਾਂ ਦੀ ਸੀ।

(ਹ) ਪਰ ਇਸ ਤਰਾਂ ਦੀਆਂ ਘਰੋਗੀ ਵੰਡੀਆਂ ਤੇ ਲੁਟ ਖਸੁਟ ਤੋਂ ਇਲਾਵਾ ਜਮਾਇਤੀ ਤੌਰ ਭੀ ਇਨਾਂ ਜਾਇਦਾਦਾ ਨੂੰ ਹੜੱਪ ਕਰਨ ਦੇ ਸਾਧਨ ਕੀਤੇ ਜਾਂਦੇ ਰਹੇ, ਸਿੰਘ ਸਭਾ ਲਹਿਰ ਦੀ ਉਪਜਾਈ ਜਾਗਰਤ ਨੇ ਮਹੰਤ ਤੇ ਪੁਜਾਰੀ ਸ੍ਰੇਣੀ ਨੂੰ ਚੌਕੰਨੇ ਤਾਂ ਕਰ ਹੀ ਦਿਤਾ ਸੀ, ਇਨਾਂ ਨੇ ਆਪਨੀ ੨ ਸ੍ਰੇਣੀ ਦੇ ਮੰਡਲ ਤਥਾ ਅਖਾੜੇ ਕਾਇਮ ਕਰਕੇ ਨਿਰਾ ਉਨਾਂ ਦੀ ਸ਼ਰਣ ਲੈਣ ਦੇ ਉਪਰਾਲੇ ਹੀ ਨਹੀਂ ਸਨ ਕੀਤੇ ਬਲਕਿ ਗੈਰ ਸਿਖ ਪ੍ਰੈਸ ਤੇ ਅਨਸਿਖ ਸੰਸਥਾਵਾਂ ਦੀ ਸਹਾਇਤਾ ਲੈਣ ਤੋਂ ਭੀ ਸੰਕੋਚ ਨਹੀਂ ਕੀਤਾ

Digitized by Panjab Digital Library | www.panjabdigilib.org

ਸਗੋਂ ਆਪਨਾਂ ਆਪ ਤੇ ਆਪਨੇ ਪ੍ਰਬੰਧ ਹੇਠਲੇ ਗੁਰਦੁਆਰੇ ਅਤੇ ਉਨਾਂ ਦੀਆਂ ਜਾਇਦਾਦਾਂ ਉਨਾਂ ਨੂੰ ਸਉਂਪਨ ਦੇ ਜਤਨ ਭੀ ਕੀਤੇ, ਉਸ ਸਮੇਂ ਦਾ ਉਘਾ ਸਮਾਜੀ ਉਰਦੂ ਅਖਬਾਰ 'ਬੰਦੇ ਮਾਤਰਮ' ਲਾਲਾ ਲਾਜਪਤ ਰਾਇ ਜੀ ਦੀ ਸੁਪ੍ਰਸਤੀ ਹੇਠ ਲਾਹੌਰ ਤੋਂ ਪ੍ਰਕਾਸ਼ਤ ਹੁੰਦਾ ਸੀ ਅਤੇ ਲਾਲਾ ਜੀ ਸਮੇਂ ਦੇ ਮੰਨੇ ਪਰਮੰਨੇ ਸਮਾਜੀ ਲੀਡਰ ਸਨ। ਮਹੰਤ ਨਰੈਣ ਦਾਸ ਨੇ ਇਸ ਦਾ ਲਾਭ ਲੈਣ ਹਿਤ ਤਿੰਨ ਹਜਾਰ ਰੁਪੈਆ (ਉਸ ਸਮੇਂ ਤਿੰਨ ਹਜ਼ਾਰ ਇਕ ਖਾਸੀ ਮੋਟੀ ਰਕਮ ਸਮਝੀ ਜਾਂਦੀ ਸੀ) ਬੰਦੇ ਮਾਤਰਮ ਅਖਬਾਰ ਵਾਸਤੇ ਦੇ ਕੇ ਲਾਲਾ ਜੀ ਨੂੰ ਉਸਦਾ ਪਖ ਪੂਰਨ ਲਈ ਤਿਆਰ ਕੀਤਾ ਅਤੇ ਲਾਲਾ ਜੀ ਦੀ ਸਲਾਹ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਸੰਬੰਧਤ ਜਾਇਦਾਦ ਦੇ ਪ੍ਰਬੰਧ ਹਿਤ ਇਕ ਟਰਸਟ ਦਾ ਸਥਾਪਤ ਕੀਤਾ ਜਾਣਾ ਪ੍ਰਵਾਣ ਕੀਤਾ। ਸਾਰੀ ਗੱਲ ਬਾਤ ਤੈ ਹੋ ਜਾਣ ਤੇ ਮਹੰਤ ਨੇ ਪੁਛਿਆ 'ਲਾਲਾ ਜੀ, ਅਗਰ ਅਕਾਲੀ ਜਨਮ ਅਸਥਾਨ ਦਾ ਕਬਜਾ ਖੋਹਣ ਆ ਪਏ ਤਾਂ ਉਨਾਂ ਨਾਲ ਕੌਣ ਨਿਬੜੇਗਾ ?' ਲਾਲਾ ਜੀ ਬੋਲੇ 'ਮਹੰਤ ਸਾਹਿਬ ਉਨ ਸੇ ਤੋ ਆਪ ਹੀ ਕੋ ਟਕਰਨਾ ਹੋਗਾ, ਮੌਕੇ ਪਰ ਆਪ ਹੀ ਤੋ ਹੋਂਗੇ, ਲੜਨੇ ਕੇ ਲੀਏ ਹਮ ਲੋਗ ਲਾਹੌਰ ਸੇ ਥੋੜਾ ਆਇੰਗੇ,' 'ਤਾਂ ਫਿਰ ਟਰਸਟ ਬਣਾਉਣ ਦਾ ਮੈਨੂੰ ਕੀ ਲਾਭ ਹੋਇਆ ?' ਮਹੰਤ ਨੇ ਕਿਹਾ।

ਸਾਡਾ ਇਸ ਵਿਸਥਾਰ ਵਿਚ ਜਾਣ ਦਾ ਭਾਵ ਇਹ ਦਸਨਾ ਹੀ ਹੈ ਕਿ ਉਨਾਂ ਸਮਿਆਂ ਵਿਚ ਗੁਰਦੁਆਰਿਆਂ ਦੇ ਮਹੰਤ ਤੇ ਪੁਜਾਰੀ ਕਿਥੋਂ ਤਕ ਜਾ ਚੁਕੇ ਸਨ।

ਉਪਰ ਲਿਖੇ ਸੰਖੇਪ ਵਰਨਣ ਤੋਂ ਸਹਿਜੇ ਹੀ ਅਨਮਾਣ ਲਗ ਜਾਂਦਾ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਸੁਧਾਰਨ ਦਾ ਵਿਚਾਰ ਕਿਉਂ ਜ਼ੋਰ ਫੜਦਾ ਗਿਆ ਪ੍ਰੰਤੂ ਕਿਉਂਕਿ ਮਹੰਤ ਤੇ ਪੁਜਾਰੀ ਪੀੜ੍ਹੀਆਂ ਤੋਂ ਗੁਰਦੁਆਰਿਆਂ ਤੇ ਕਾਬਜ ਅਤੇ ਇਨਾਂ ਨੂੰ ਆਪਨਾ ਵਿਰਸਾ ਸਮਝਦੇ ਸਨ, ਸੁਕਾਰੀ ਕਾਨੂੰਨ ਭੀ ਉਨ੍ਹਾਂ ਦਾ ਹੀ ਪਖ ਪੂਰਦਾ ਸੀ ਅਤੇ ਅੰਗ੍ਰੇਜ਼

ਸਰਕਾਰ ਦਾ ਉਂਞ ਭੀ ਇਹ ਮਨਸ਼ਾ ਸੀ ਕਿ ਸਿਖਾਂ ਨੂੰ ਗੁਰਦੁਆਰਿਆਂ ਤੋਂ ਦੂਰ ਰਖਿਆ ਜਾਏ, ਇਸ ਲਈ ਕਾਨੂੰਨੀ ਓਟ ਦੇ ਸਹਾਰੇ ਕਿਸੇ ਪ੍ਰਕਾਰ ਦੇ ਸੁਧਾਰ ਦਾ ਹੋ ਸਕਨਾ ਸੰਭਵ ਨਹੀਂ ਸੀ ਜਿਸ ਲਈ ਅਗਾਹਾਂ ਵਧੂ ਸਿਖਾਂ ਨੇ ਡਾਇਰੈਕਟ ਐਕਸ਼ਨ ਅਰਥਾਤ ਨਿਜੀ ਬਲ ਰਾਹੀਂ ਆਪਣੇ ਮੰਤਵ ਪੂਰਤੀ ਦੇ ਅਸੂਲ ਨੂੰ ਅਪਨਾਇਆ ਅਤੇ ਗੁਰਦੁਆਰਿਆ ਨੂੰ ਆਪਨੇ ਪ੍ਰਬੰਧ ਵਿਚ ਲੈਣਾ ਅਰੰਭ ਦਿਤਾ।

(੨)

ਗੁਰਦੁਆਰਾ ਰਕਾਬ ਗੰਜ ਦਿਲੀ ਦੇ ਇਹਾਤੇ ਦੀ ਕੰਧ ਸਰਕਾਰ ਵਲੋਂ ਢਾਹੇ ਜਾਣ ਤੇ ਹੋਈ ਮੋਰਚਾ ਬੰਦੀ ਤੇ ਇਸ ਵਿਚ ਹੋਈ ਸਫਲਤਾ ਨੇ ਸਿਖ ਮਨਾਂ ਨੂੰ ਪਹਿਲੇ ਹੀ ਉਤਸ਼ਾਹਿਤ ਕਰ ਦਿਤਾ ਹੋਇਆ ਸੀ। ਸੋ ਗੁਰਦੁਆਰਾ ਸੁਧਾਰ ਦਾ ਕੰਮ ਸਮੁਚੇ ਜ਼ੋਰ ਬੜੇ ਜੋਸ਼ ਤੇ ਤੇਜ਼ੀ ਨਾਲ ਚਲਿਆ। ਭਾਵੇਂ ਓਦੋਂ ਸ਼੍ਰੋਮਣੀ ਅਕਾਲੀ ਦਲ ਅਜੇ ਸਥਾਪਤ ਨਹੀਂ ਹੋਇਆ ਸੀ, ਟਾਵੇਂ ੨ ਸਿੰਘ ਜਥੇ, ਯਥਾ ਸੈਂਟਰਲ ਮਾਝਾ ਦੀਵਾਨ, ਬਾਰ ਖਾਲਸਾ ਦੀਵਾਨ, ਅਕਾਲੀ ਦਲ ਖਰਾ ਸੌਦਾ ਬਾਰ ਬਣ ਚੁਕੇ ਸਨ, ਸੋ ਇਨਾਂ ਦੇ, ਕਿਧਰੇ ਵਖੋ ਵਖਰੇ ਅਤੇ ਕਿਧਰੇ ਮਿਲਵੇਂ ਉਦਮ ਨਾਲ, ਵਿਕੋਲਿਤਰੇ ਕਬਜ਼ੇ ਹੋਣੇ ਅਰੰਭ ਹੋਏ। ਮਿਤੀ ੬-੧੦-੨੦ ਨੂੰ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ੧੨-੧੦-੨੦ ਨੂੰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ੨੧-੧੧-੨੦ ਨੂੰ ਗੁ: ਸ੍ਰੀ ਪੰਜਾ ਸਾਹਿਬ ਅਤੇ ੨੬-੧-੨੧ ਨੂੰ ਗੁਰਦੁਆਰਾ ਸਾਹਿਬ ਤਰਨ ਤਾਰਨ ਤੇ ਜਥਿਆਂ ਨੇ ਕਬਜ਼ੇ ਕਰ ਲੈ।

ਸ੍ਰੀ ਅਕਾਲ ਤਖਤ ਤੇ ਕਬਜ਼ਾ ਹੋ ਜਾਣ ਮਗਰੋਂ ਇਥੋਂ ਸਮੂਹ ਸਿਖ ਸੰਗਤਾ ਦੇ ਨਾਮ ਇਕ ਹੁਕਮ ਨਾਮਾ ਜਾਰੀ ਕੀਤਾ ਗਿਆ ਕਿ ਪਹਿਲੀ ਮਘਰ ਮੁਤਾਬਕ ੧੫ ਨਵੰਬਰ ੧੯੨੦ ਨੂੰ ਤਖਤ ਸਾਹਿਬ ਉਤੇ ਪੰਥਕ ਇਕਠ ਹੋਵੇਗਾ ਜਿਸ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਲਈ ਕਮੇਟੀ ਕਾਇਮ ਕੀਤੀ ਜਾਵੇਗੀ। ਕਮੇਟੀ ਦੇ ਮੈਂਬਰ ਲਈ ਰਹਿਤਵਾਨ

Digitized by Panjab Digital Library | www.panjabdigilib.org

ਸਿੰਘ ਹੋਣਾ ਅਥਵਾ ਪੰਜ ਕਕਾਰ ਦਾ ਧਾਰਨੀ, ਪੰਜ ਬਾਣੀਆਂ ਦਾ ਨਿਤਨੇਮੀ, ਚਹਵਾਂ ਕੁਰਹਿਤਾਂ ਤੋਂ ਬਚਿਆ ਹੋਇਆ, ਅਤੇ ਗੁਰੂ ਕਾ ਦਸਵੰਧ ਦੇਣ ਵਾਲਾ ਹੋਣਾ ਜ਼ਰੂਰੀ ਹੋਵੇਗਾ। ਇਸ ਇਕਠ ਵਿਚ ਸਭ ਇਲਾਕਿਆਂ ਤੋਂ ਕਈ ਹਜ਼ਾਰ ਸਿੰਘ ਇਕਠੇ ਹੋਏ ਅਤੇ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੧੭੫ ਮੈਂਬਰਾਂ ਦੀ ਚੁਣੀ ਗਈ ਜਿਸ ਵਿਚ ਹਰ ਜ਼ਿਲੇ ਤੇ ਸਿਖ ਇਲਾਕੇ ਨੂੰ ਪ੍ਰਤੀਨਿਧਤਾ ਦਿਤੀ ਗਈ। ਇਸ ਦੇ ਪਹਿਲੇ ਪ੍ਰਧਾਨ ਸਰਬ ਸੰਮਤੀ ਨਾਲ ਸ: ਸੁੰਦਰ ਸਿੰਘ ਜੀ ਮਜੀਠੀਆ ਚੁਣੇ ਗਏ।

ਉਪਰ ਲਿਖੇ ਗੁਰਦੁਆਰਿਆਂ ਦੇ ਕਬਜ਼ੇ ਹੋ ਜਾਣ ਅਤੇ ਸ਼੍ਰੋਮਣੀ ਕਮੇਟੀ ਦੀ ਸਥਾਪਤੀ ਨੇ ਥਾਉਂ ਥਾਈਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁੜਾ ਕੇ ਕਮੇਟੀ ਦੇ ਸਪੁਰਦ ਕੀਤੇ ਜਾਣ ਲਈ ਉਤਸ਼ਾਹ ਪੈਦਾ ਕੀਤਾ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੇ ਭੈੜੇ ਆਚਰਨ ਤੇ ਉਸ ਦੀਆਂ ਕਈ ਹੋਰ ਕਰਤੂਤਾਂ, ਜਿਨਾਂ ਦਾ ਵੰਨਗੀ ਮਾਤਰ ਵਰਨਣ ਉਪਰ ਆਇਆ ਹੈ, ਦੀ ਚਰਚਾ ਸਾਰੇ ਪੰਥ ਵਿਚ ਫੈਲੀ ਹੋਈ ਸੀ ਅਤੇ ਇਥੋਂ ਦੇ ਪ੍ਰਬੰਧ ਨੂੰ ਪੰਥਕ ਹਥਾਂ ਵਿਚ ਲਿਆਉਣ ਲਈ ਸਭ ਦੀ ਇਛਾ ਬੜੀ ਤੀਬਰ ਸੀ। ਮਹੰਤ ਨਾਲ ਸਮਝੌਤੇ ਦੀ ਗੱਲ ਬਾਤ ਭੀ ਹੁੰਦੀ ਰਹੀ ਜਿਸ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਸ: ਬੂਟਾ ਸਿੰਘ ਵਕੀਲ ਸ਼ੇਖੂਪੁਰੇ ਦਾ ਕਾਫੀ ਭਾਗ ਸੀ ਪ੍ਰੰਤੂ ਮਹੰਤ ਅੰਦਰ ਖਾਨੇ ਲਾਲਾ ਲਾਜਪਤ ਰਾਏ ਤੇ ਕਈ ਉਦਾਸੀ ਮਹੰਤਾਂ ਨਾਲ ਗਠ ਜੋੜ ਕਰਨ ਲਈ ਹਰ ਵਾਸ਼ ਟਾਲ ਮਟੋਲੇ ਕਰਦਾ ਚਲਾ ਗਿਆ। ਸ਼੍ਰੋਮਣੀ ਕਮੇਟੀ ਨੇ ਇਸ ਗੱਲ ਬਾਤ ਨੂੰ ਸਿਰੇ ਚੜ੍ਹਾਉਣ ਲਈ ਮੌਕੇ ਤੇ ਅਥਵਾ ਨਨਕਾਣਾ ਸਾਹਿਬ ਵਿਚ ੫, ੬ ਮਾਰਚ ੧੯੨੧ ਨੂੰ ਪੰਥਕ ਮੁਖੀਆਂ ਤੇ ਕੁਝ ਕੌਮੀ ਲੀਡਰਾਂ ਦੀ ਇਕਤਰਤਾ ਬੁਲਾਈ। ਭਾਵੇਂ ਇਹ ਪ੍ਰੋਗਰਾਮ ਮਹੰਤ ਦੀ ਸਲਾਹ ਨਾਲ ਹੀ ਬਣਿਆ ਸੀ ਪ੍ਰੰਤੂ ਮਹੰਤ ਆਪਣੇ ਨਿਜੀ ਸਲਾਹੂਆਂ ਦੇ ਮਸ਼ਵਰੇ ਨਾਲ ਅੰਦਰ

ਅਪਨੇ ਹੋਰ ਹੀ ਮਸੌਦੇ ਪਕਾ ਰਿਹਾ ਸੀ ਜ਼ਿਸ ਵਿਚ ਉਸ ਨੂੰ ਸਰਕਾਰੀ ਅਫਸਰਾਂ ਖਾਸ ਕਰ ਲਾਹੌਰ ਦੇ ਕਮਿਸ਼ਨਰ ਮਿः ਕਿੰਗ ਦੀ ਭੀ ਵਡੀ ਸ਼ਹਿ ਸੀ । ਮਹੰਤ ਦੀ ਮਨਸ਼ਾ ਸ਼ੀ ਕਿ ੫, ੬ ਮਾਰਚ ਨੂੰ ਜਦੋਂ ਪੰਥਕ ਮੁਖੀ ਤੇ ਲੀਡਰ ਇਕਠੇ ਹੋਣ, ਬਾਹਰ ਤੋਂ ਬਦਮਾਸ਼ਾਂ ਪਾਸੋਂ ਹਮਲਾ ਕਰਵਾ ਕੇ ਨਵੀਂ ਉਠ ਰਹੀਂ ਗੁः ਸੁਧਾਰ ਲਹਿਰ ਦੇ ਸਾਰੇ ਮੁਖੀਆਂ ਨੂੰ ਮਰਵਾ ਦੇਵੇ ਅਤੇ ਆਪ ਲਾਂਭੇ ਰਹਿੰਦਾ ਹੋਇਆ ਇਸ ਦਾ ਦੋਸ਼ ਬਦਮਾਸ਼ਾਂ ਤੇ ਸੁਟ ਦੇਵੇ, ਇਸ ਕੰਮ ਲਈ ਮਹੰਤ ਨੇ ਬਹੁਤ ਸਾਰੇ ਬਦਮਾਸ਼ ਵਸ਼ੇਸ਼ ਕਰਕੇ ਲਾਹੌਰ ਦੇ ਮਝੈਲਾਂ ਵਿਚੋਂ ਅਤੇ ੨੮ ਪਠਾਨ ਪਕੇ ਤੌਰ ਆਪਣੇ ਪਾਸ ਰਖੇ ਹੋਏ ਸਨ ।

ਦੂਜੇ ਬੰਨੇ ਇਲਾਕੇ ਦੇ ਲੋਕਲ ਜਥਿਆਂ ਅਥਵਾ ਬਾਰ ਖਾਲਸਾ ਦੀਵਾਨ ਜਿਸ ਵਿਚ ਲਾਇਲਪੁਰ ਸਾਂਗਲਾ ਆਦਿ ਦੀਆਂ ਨਵੀਆਂ ਆਬਾਦੀਆਂ ਦੇ ਸਿਖ ਸ਼ਾਮਲ ਸਨ, ਅਤੇ ਅਕਾਲੀ ਦਲ ਖਰਾ ਸੌਦਾ ਬਾਰ ਜੋ ਵਧੇਰੇ ਕਰਕੇ ਜ਼ਿਲਾ ਸ਼ੇਖੂ ਪੁਰਾ ਤੇ ਗੁਜਰਾਂਵਾਲਾ ਦੇ ਆਦਿ ਵਾਸੀ ਵਿਰਕ ਸਿਖਾਂ ਦਾ ਜਥਾ ਸੀ ਜਿਸ ਦੀ ਸਥਾਪਨਾ ੨੪ ਦਸੰਬਰ ੧੯੨੦ ਨੂੰ ਹੋਈ ਤੇ ਜਿਸ ਦੇ ਪਹਿਲੇ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਸਨ ਇਹ ਚਾਹੁੰਦੇ ਸਨ ਕਿ ਨਨਕਾਣਾ ਸਾਹਿਬ ਨੂੰ ਪੰਥਕ ਹਥਾਂ ਵਿਚ ਲਿਆਉਣ ਦਾ ਸੇਹਰਾ ਉਹਨਾਂ ਦੇ ਸਿਰ ਹੋਵੇ । ਉਹ ਸਮਝਦੇ ਸਨ ਕਿ ਜੇ ਕਰ ਹੋਰ ਇਲਾਕਿਆਂ ਦੇ ਸਿਖਾਂ ਨੇ ਦੂਰ ਦੁਰਾਡਿਉਂ ਆਕੇ ਨਨਕਾਣਾ ਸਾਹਿਬ ਦਾ ਕਬਜ਼ਾ ਲਿਆ ਤਾਂ ਇਨਾਂ ਦਾ ਸਿਰ ਹਮੇਸ਼ਾ ਲਈ ਨੀਵਾਂ ਰਹੇਗਾ । ਸੋ ਇਨਾਂ ਦਾ ਵਿਚਾਰ ਸੀ ਕਿ ਜਿਸ ਤਰਾਂ ਭੀ ਹੋਵੇ, ਸਾਂਝੇ ਪੰਥਕ ਇਕਠ ਜਾਂ ਫੈਸਲੇ ਤੋਂ ਪਹਿਲੋਂ ਹੀ ਇਹ ਗੁः ਜਨਮ ਅਸਥਾਨ ਦਾ ਕਬਜ਼ਾ ਕਰ ਲੈਣ ਇਨਾਂ ਨੂੰ ਭੀ ਇਹ ਸ਼ਕ ਸੀ ਕਿ ਮਹੰਤ ੫,੬ ਮਾਰਚ ਦਾ ਇਕਠ ਨਹੀਂ ਹੋਣ ਦੇਵੇਗਾ ਤੇ ਕੋਈ ਅਜੇਹੀ ਸ਼ਰਾਰਤ ਕਰੇਗਾ ਜਿਸ ਨਾਲ ਪੰਥ ਨੂੰ ਵਡਾ ਧਕਾ ਲਗੇ । ਇਸ ਲਈ ਭੀ ਇਹ ਉਸ ਇਕਠ ਤੋਂ ਪਹਲੋਂ ੨ ਕਬਜ਼ਾ ਕੀਤਾ ਚਾਹੁੰਦੇ ਸਨ ।

Digitized by Panjab Digital Library | www.panjabdigilib.org

ਜਿਸ ਤਰਾਂ ਪਹਿਲੋਂ ਦਸਿਆ ਗਿਆ ਹੈ ਮਹੰਤ ਨਰੈਣ ਦਾਸ ਨੇ ਪੰਥਕ ਮੁਖੀਆਂ ਨਾਲ ਸੁਲਹ ਦੀ ਗੱਲ ਬਾਤ ਛੇੜ ਰਖੀ ਹੋਈ ਸੀ। ਇਹ ਸੁਲਹ ਦੀ ਮੀਟਿੰਗ ੧੩-੨-੨੧ ਨੂੰ ਸ਼ੇਖੂਪੁਰੇ ਸ: ਬੂਟਾ ਸਿੰਘ ਵਕੀਲ ਦੀ ਕੋਠੀ ਹੋਣੀ ਸੀ। ਪ੍ਰੰਤੂ ਉਥੇ ਮਹੰਤ ਦਾ ਸੁਨੇਹਾ ਪੁਜਾ ਕਿ ਇਹ ਗੱਲ ੧੫-੨-੨੧ ਨੂੰ ਲਾਹੌਰ ਆਕੇ ਕੀਤੀ ਜਾਵੇ। ਸ: ਬੂਟਾ ਸਿੰਘ ਤੇ ਝੱਬਰ ਲਾਹੌਰ ਲਾਇਲ ਗਜ਼ਟ ਅਖਬਾਰ ਦੇ ਦਫਤਰ ਸ: ਅਮਰ ਸਿੰਘ ਪਾਸ ਗਏ ਤੇ ਉਥੇ ਮਹੰਤ ਨੂੰ ਬੁਲਾ ਭੇਜਿਆ ਪ੍ਰੰਤੂ ਇਥੇ ਝਬੱਰ ਜੀ ਦਾ ਸੂੰਹੀਆ ਅਵਤਾਰ ਸਿੰਘ, ਜੋ ਮਹੰਤ ਪਾਰਟੀ ਵਿਚ ਮਿਲਿਆ ਜੁਲਿਆ ਨਰੈਣ ਦਾਸ ਦੇ ਨਾਲ ਹੀ ਰਹਿੰਦਾ ਸੀ, ਉਨਾਂ ਨੂੰ ਉਚੇਚਾ ਆ ਕੇ ਮਿਲਿਆ ਅਤੇ ਉਸ ਦਸਿਆ ਕਿ ਕਲ ਰਾਤ ਮਹੰਤ ਨੇ ਆਪਣੇ ਰਾਮ ਗਲੀ ਵਾਲੇ ਮਕਾਨ ਵਿਚ ਇਕ ਗੁਪਤ ਮੀਟਿੰਗ ਕੀਤੀ ਸੀ ਜਿਸ ਵਿਚ ਥੰਮਨ ਦਾ ਮਹੰਤ ਅਰਜਨ ਦਾਸ, ਬਘਿਆਂ ਵਾਲੇ ਦਾ ਜਗਨ ਨਾਥ ਅਤੇ ਮਾਨਕ ਗੁਰਦੁਆਰੇ ਦਾ ਬਸੰਤ ਦਾਸ ਤੇ ਚਾਰ ਪੰਜ ਮਾਝੇ ਦੇ ਜਟ ਸ਼ਾਮਲ ਸਨ। ਨਰੈਣ ਦਾਸ ਨੇ ਮਾਝੇ ਦੇ ਬਦਮਾਸ਼ਾਂ ਨੂੰ ਡੇਢ ਲਖ ਰੁਪੰਆ ਦੇਣਾ ਕੀਤਾ ਹੈ। ਉਹ ਮਾਝੇ ਦੇ ੧੨ ਭਗੌੜੇ ਕਾਤਲ ਨਾਲ ਲੈ ਕੇ ੬ ਮਾਰਚ ਨੂੰ ਨਨਕਾਣਾ ਸਾਹਿਬ ਪੁਜਣਗੇ, ਜਿਸ ਵੇਲੇ ਪੰਥਕ ਮੁਖੀਆਂ ਦਾ ਇਕਠ ਜਨਮ ਅਸਥਾਨ ਵਿਚ ਹੋ ਰਿਹਾ ਹੋਵੇਗਾ। ਇਹ ਅਚਾਨਕ ਹੱਲਾ ਕਰਕੇ ਉਨਾ ਤੇ ਪੈ ਜਾਣਗੇ ਅਤੇ ਸਭ ਨੂੰ ਮਾਰਕੇ ਘੋੜੇ ਭਜਾ ਜਾਣਗੇ। ਮਹੰਤ ਤੇ ਉਸ ਦੇ ਆਦਮੀ 'ਫੜ ਲੌ, ਫੜ ਲੌ, ਮਾਰ ਗਏ,' ਕਹਿੰਦੇ ਹੋਏ ਉਨਾ ਦਾ ਪਿਛਾ ਕਰਨਗੇ। ਦੂਜੇ ਵੰਨੇ ੬ ਮਾਰਚ ਤਕ ਮਹੰਤ ਸੁਲਹ ਸਫਾਈ ਦੀ ਗੱਲ ਭੀ ਕਰਦਾ ਰਹੇਗਾ।

ਇਸ ਰਿਪੋਰਟ ਨੇ ਝੱਬਰ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿਤੀਆਂ, ਇਤਨੇ ਚਿਰ ਤਕ ਮਹੰਤ ਨੂੰ ਬੁਲਾਉਣ ਗਿਆ ਆਦਮੀ ਭੀ ਵਾਪਸ ਪੁਜ ਗਿਆ ਤੇ ਉਸ ਨੇ ਦਸਿਆ ਕਿ ਮਹੰਤ ਕਹਿੰਦਾ ਹੈ, 'ਹੁਣ ਤਾਂ ਮੈਂ ਬੇਦੀ ਕਰਤਾਰ ਸਿੰਘ ਦੀ ਕੋਠੀ ਜਾ ਰਿਹਾ ਹਾਂ, ਐਸ ਵੇਲੇ

Digitized by Panjab Digital Library | www.panjabdigilib.org

ਮੇਰਾ ਜਾਣ ਨਹੀਂ ਹੁੰਦਾ'। ਇਸ ਇਤਲਾਹ ਨੇ ਭੀ ਸੂਹੀਏਂ ਦੀ ਰਿਪੋਰਟ ਦੀ ਪੁਸ਼ਟੀ ਕੀਤੀ ਅਤੇ ਝੱਬਰ ਉਸੇ ਵੇਲੇ ਗਡੀ ਚੜ੍ਹ ਸਿਧਾ ਚੂਹੜ ਕਾਣੇ ਗੁਃ ਖਰਾ ਸੌਦਾ ਪੁਜਾ। ਆਪ ਨੇ ਜਥੇ ਦੇ ਮੁਖੀ ਆਦਮੀਆਂ ਨੂੰ ਸਾਰੀ ਗੱਲ ਦਸੀ ਅਤੇ ਪਰੋਗਰਾਮ ਬਣਾਇਆ ਕਿ ੧੯ ਤੇ ੨੦ ਫਰਵਰੀ ਨੂੰ ਜਦੋਂ ਲਾਹੌਰ ਵਿਚ ਸਨਾਤਨ ਸਿਖ ਕਾਨਫਰੰਸ ਹੋਣੀ ਹੈ ਜਿਸ ਵਿਚ ਮਹੰਤ ਨਰੈਣ ਦਾਸ ਨੇ ਜਾਣਾ ਹੈ, ਗੁਰਦੁਆਰਾ ਜਨਮ ਅਸਥਾਨ ਤੇ ਕਬਜ਼ਾ ਕਰਨ ਦਾ ਚੰਗਾ ਮੌਕਾ ਹੋਵੇਗਾ'। ਇਸ ਦੀ ਸਲਾਹ ਬਾਰ ਖਾਲਸਾ ਦੀਵਾਨ ਦੇ ਮੁਖੀਆਂ ਭਾਈ ਲਛਮਣ ਸਿੰਘ ਟਹਿਲ ਸਿੰਘ ਆਦਿ ਅਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚਕ ਨੰਃ ੨੦੪ ਅਤੇ ਸੰਤ ਤੇਜਾ ਸਿੰਘ ਜੋ ਦੋਵੇਂ ਨਨਕਾਣਾ ਸਾਹਿਬ ਦੇ ਕਬਜ਼ੇ ਸਮੇਂ ਸਾਥ ਦੇਣ ਲਈ ਕਿਹਾ ਕਰਦੇ ਸਨ, ਨਾਲ ਕਰਕੇ ਫੈਸਲਾ ਹੋਇਆ ਕਿ ੧੮ ਫੱਗਣ ਮੁਤਾਬਕ ੨੦ ਫਰਵਰੀ, ੧੯੨੧ ਨੂੰ ਚਾਰ ਪੰਜ ਹਜ਼ਾਰ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪੁਜਿਆ ਜਾਏ। ਚੁਨਾਂਚਿ ਇਨਾਂ ਸਾਰਿਆਂ ਜਥੇਦਾਰਾਂ ਵਿਚਾਲੇ ਇਹ ਸਲਾਹ ਪਕ ਗਈ'। ਭਾਈ ਲਛਮਨ ਸਿੰਘ ਹੋਰਾਂ ਦੇ ਜਥੇ ਨੇ ਧਾਰੋਵਾਲ ਤੋਂ ਚਲਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੂਰ ਚੰਦਰ ਕੋਟ ਦੀ ਝਾਲ ਤੇ ਮਿਲਣਾ ਸੀ ਅਤੇ ਲਾਇਲਪੁਰ ਤੋਂ ਆਏ ਸਿੰਘਾਂ ਇਨਾਂ ਨੂੰ ੨੦ ਫਰਵਰੀ ਸਵੇਰੇ ੪ ਵਜੇ ਨਨਕਾਣਾ ਸਾਹਿਬ ਦੇ ਲਾਗੇ ਭਠਿਆਂ ਤੇ ਮਿਲਕੇ ਇਨਾਂ ਸਭ ਨੇ ਗੁਃ ਜਨਮ ਅਸਥਾਨ ਪੰਜ ਵਜੇ ਸਵੇਰੇ ਪੁਜਣਾ ਸੀ।

ਇਹ ਚਾਹੁੰਦੇ ਸਨ ਕਿ ਇਹ ਪਰੋਗਰਾਮ ਸ਼ਰੋਮਣੀ ਕਮੇਟੀ ਤੋਂ ਗੁਪਤ ਹੀ ਰਹੇ ਕਿਉਂਕਿ ੬ ਮਾਰਚ ਵਾਲੇ ਇਕੱਠ ਦੇ ਸਨਮੁਖ ਕਮੇਟੀ ਨੇ ਇਨ੍ਹਾਂ ਨੂੰ ਅਜੇਹਾ ਕਰਨ ਦੀ ਆਗਿਆ ਨਹੀਂ ਸੀ ਦੇਣੀ। ਪਰੰਤੂ ਕਿਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਤੇ ਸੁਃ ਤੇਜਾ ਸਿੰਘ ਸਮੁੰਦਰੀ ਨੂੰ ਜੋ ਲਾਇਲਪੁਰ ਗਏ ਹੋਏ ਸਨ ਇਸ ਪਰੋਗਰਾਮ ਦਾ ਪਤਾ ਲਗ ਗਿਆ ਉਨਾਂ ੧੯ ਫਰਵਰੀ ਸਵੇਰੇ ਪੰਜ ਵਜੇ ਚੂਹੜ ਕਾਣੇ ਤੋਂ ਲੰਘਦੇ ਹੋਏ

Digitized by Panjab Digital Library | www.panjabdigilib.org

ਸ੍ਰ: ਸੁਰਾ ਸਿੰਘ ਜੋ ਚਕ ਵਾਲੇ ਹਥੀਂ ਝੱਬਰ ਨੂੰ ਜਥਾ ਨਾ ਲੈ ਜਾਣ ਦਾ ਸੁਨੇਹਾ ਭੇਜਿਆ ਅਤੇ ਫਿਰ ਲਾਹੌਰ ਪੁਜ ਕੇ ਉਥੋਂ ਇਸੇ ਕੰਮ ਹਿਤ ਭਾਈ ਦਲੀਪ ਸਿੰਘ ਜੀ ਤੇ ਸ੍ਰ: ਜਸਵੰਤ ਸਿੰਘ ਝਬਾਲ ਨੂੰ ਚੂਹੜ ਕਾਣੇ ਭਜਿਆ। ਇਸ ਵੇਲੇ ਤਕ ਵਿਰਕੈਤ ਦੇ ਬਹੁਤ ਸਾਰੇ ਸਿੰਘ ਉਥੇ ਪੁਜ ਚੁਕੇ ਸਨ, ਸੰਤ ਤੇਜਾ ਸਿੰਘ ਭੀ ਲਾਇਲਪੁਰ ਤੋਂ ੬੦ ਸਿੰਘਾਂ ਸਮੇਤ ਪੁਜੇ ਹੋਏ ਸਨ ਅਤੇ ਜਥਾ ਸ਼ਾਮ ਪਈ ਨਨਕਾਣਾ ਸਾਹਿਬ ਵੱਲ ਜੋ ਇਥੋਂ ੧੫ ਕੋਹ ਹੈ, ਤੁਰਣ ਦੇ ਆਹਰ ਵਿਚ ਸੀ, ਜਦੋਂ ਭਾਈ ਦਲੀਪ ਸਿੰਘ ਹੋਰੀ ਜਥੇ ਨੂੰ ਰੋਕਣ ਦਾ ਹੁਕਮ ਲੈ ਕੇ ਉਥੇ ਪੁਜੇ। ਲੰਮੀ ਵਿਚਾਰ ਮਗਰੋਂ ਸੰਤ ਤੇਜਾ ਸਿੰਘ ਨੇ ਕਿਹਾ 'ਝੱਬਰ ਸਾਹਿਬ ਜੇ ਤੁਸੀਂ ਸ਼੍ਰੋਮਣੀ ਪੰਥਕ ਜਥੇਬੰਦੀ ਦੇ ਹੁਕਮ ਦੀ ਉਲੰਘਣਾ ਕਰਕੇ ਨਨਕਾਣਾ ਸਾਹਿਬ ਜਥਾ ਲੈ ਗਏ ਤਾਂ ਤੁਸੀਂ ਪੰਥ ਅਤੇ ਗੁਰੂ ਦੇ ਦੇਣਦਾਰ ਹੋਵੋਗੇ'। ਝੱਬਰ ਲਈ ਇਹ ਅਖੀਤਲੀ ਸਹੁੰ ਸੀ। ਝੱਬਰ ਨੇ ਕਿਹਾ ਕਿ 'ਆਪੋ ਵਿਚ ਹੋਏ ਫੈਸਲੇ ਅਨੁਸਾਰ ਜੇ ਕਰ ਜਥੇਦਾਰ ਲਛਮਣ ਸਿੰਘ ਹੋਰੀਂ ਜਾਂ ਹੋਰ ਸਿੰਘ ਨਨਕਾਣਾ ਸਾਹਿਬ ਪੁਜ ਗਏ ਪਰੰਤੂ ਅਸੀਂ ਨਾ ਗਏ, ਤਾਂ ਜੋ ਨੁਕਸਾਨ ਹੋਇਆ, ਉਸ ਦਾ ਕੌਣ ਜ਼ਿਮੇਂਵਾਰ ਹੋਵੇਗਾ ?' ਭਾਈ ਦਲੀਪ ਸਿੰਘ ਨੇ ਸੀਨਾਂ ਠਪਦੇ ਹੋਏ ਝਟ ਕਹਿ ਦਿਤਾ ਕਿ 'ਉਹਨਾਂ ਨੂੰ ਰੋਕ ਲੈਣ ਦੀ ਮੇਰੀ ਜ਼ਿਮੇਂਵਾਰੀ ਹੋਵੇਗੀ'। ਅਖੀਰ ਇਕ ਚਿਠੀ ਲਿਖੀ ਗਈ ਜਿਸ ਉਤੇ ਭਾਈ ਦਲੀਪ ਸਿੰਘ ਸ: ਜਸਵੰਤ ਸਿੰਘ ਝਬਾਲ ਆਦਿ ਛੇ ਸਿੰਘਾਂ ਨੇ ਦਸਖਤ ਕੀਤੇ ਤੇ ਚਾਰ ਘੋੜ ਸਵਾਰ ਜਿਨਾਂ ਵਿਚ ਇਕ ਭਾਈ ਦਲੀਪ ਸਿੰਘ ਸਨ ਜਥੇਦਾਰ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਤੁਰ ਪਏ, ਇਹ ਚੰਦਰ ਕੋਟ ਅਤੇ ਉਸ ਤੋਂ ਅਗੇ ਕਈ ਥਾਈਂ ਸਾਰੀ ਰਾਤ ਜਥੇ ਦੀ ਭਾਲ ਵਿਚ ਫਿਰਦੇ ਰਹੇ ਜੋ ਜਥੇ ਜਾਂ ਇੱਕਲੇ ਦੁਕੱਲੇ ਸਿੰਘ ਮਿਲੇ ਉਨਾਂ ਨੂੰ ਨਨਕਾਣਾ ਸਾਹਿਬ ਜਾਣੋਂ ਵਰਜਿਆ ਪ੍ਰੰਤੂ ਭਾ: ਲਛਮਣ ਸਿੰਘ ਜੀ ਦਾ ਜਥਾ ਇਨਾਂ ਨੂੰ ਨ ਮਿਲਿਆ ।

ਅੰਮ੍ਰਤ ਵੇਲੇ ਚਾਰ ਵਜੇ ਦੇ ਕਰੀਬ ਇਹ ਨਨਕਾਣਾ ਸਾਹਿਬ ਲਾਗੇ

Digitized by Panjab Digital Library | www.panjabdigilib.org

ਪੁਜ ਗਏ। ਇਥੇ ਭੀ ਜਥੇ ਦੇ ਆਉਣ ਦੇ ਕੋਈ ਨਿਸ਼ਾਨ ਨਹੀਂ ਸਨ। ਅਖੀਰ ਭਾਈ ਦਲੀਪ ਸਿੰਘ ਜੀ ਸਾਰੀ ਰਾਤ ਦੇ ਸਫਰ ਤੇ ਉਨੀਂਦੇ ਦੇ ਥਕੇ ਹੋਏ ਸੁ: ਉਤਮ ਸਿੰਘ ਦੇ ਕਾਰਖਾਨੇ ਗਏ ਅਤੇ ਓਥੋਂ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ ਨੂੰ, ਜੋ ਝੱਬਰ ਜੀ ਵਲੋਂ ਸੂੰਹੀਏ ਦੇ ਤੌਰ ਨਨਕਾਣਾ ਸਾਹਿਬ ਛਡਿਆ ਹੋਇਆ ਸੀ ਅਤੇ ਜੋ ਸੁ: ਉਤਮ ਸਿੰਘ ਪਾਸ ਫ਼ਰਜ਼ੀ ਮੁਣਸ਼ੀ ਬਣਕੇ ਆਪਣੀ ਸੇਵਾ ਨਿਬਾਹ ਰਿਹਾ ਸੀ; ਜਥੇ ਨੂੰ ਜਾਣੋ ਰੋਕਣ ਵਾਲੀ ਚਿਠੀ ਦੇ ਕੇ ਜਥੇ ਦੀ ਭਾਲ ਨਨਕਾਣਾ ਸਾਹਿਬ ਨੂੰ ਆਉਂਦੇ ਰਾਹਾਂ ਤੇ ਕਰਨ ਲਈ ਭੇਜਿਆ।

ਉਧਰ ਭਾਈ ਲਛਮਣ ਸਿੰਘ ਤੇ ਭਾਈ ਟਹਿਲ ਸਿੰਘ ਹੋਰੀਂ ਝੱਬਰ ਜੀ ਨਾਲ ੧੦ ਫਗਣ ਦਾ ਦਿਨ ਮਿਥ ਲੈਣ ਉਪ੍ਰੰਤ ਆਪਨੇ ਇਲਾਕੇ ਵਿਚ ਉਨ੍ਹਾਂ ਸਾਰੇ ਸਜਣਾ ਪਾਸ ਪਿੰਡੋ ਪਿੰਡ ਤੇ ਘਰੋ ਘਰ ਫਿਰ ਰਹੇ ਸਨ ਜਿਨ੍ਹਾਂ ਨੇ ਨਨਕਾਣਾ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਵਿਚ ਆਪਣੇ ਸਿਰ ਲਾ ਦੇਣ ਦਾ ਪ੍ਰਣ ਲਿਆ ਹੋਇਆ ਸੀ। ਇਨ੍ਹਾਂ ਨੇ ਦੋ ਦਿਨ ਵਿਚ ਹੀ ਸਭ ਨੂੰ ਨਨਕਾਣਾ ਸਹਿਬ ਜਾਣ ਦੇ ਪ੍ਰੋਗਰਾਮ ਦੀ ਇਤਲਾਹ ਦੇਂਦੇ ਹੋਏ ਸਭ ਲਈ ਉਹ ਥਾਵਾਂ ਤੇ ਸਮੇਂ ਨੀਅਤ ਕਰ ਦਿਤੇ ਸਨ ਜਿਥੇ ਤੇ ਜਦੋਂ ਉਨ੍ਹਾਂ ਨੇ ਭਾਈ ਲਛਮਣ ਸਿੰਘ ਹੋਰਾਂ ਦੇ ਜੱਥੇ ਨਾਲ ਆਕੇ ਮਿਲਣਾ ਸੀ।

ਭਾਈ ਲਛਮਣ ਸਿੰਘ ਜੀ ੨੨ ਹੋਰ ਸਿੰਘ-ਸਿੰਘਣੀਆਂ ਸਮੇਤ ੯ ਫਗਣ ਰਾਤ ਦੇ ਸਾਢੇ ੮ ਵਜੇ ਆਪਣੇ ਪਿੰਡ ਧਾਰੋਵਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸ ਸੋਧ ਤੇ ਹੁਕਮ ਲੈ ਕੇ ਨਜ਼ਾਮ ਪੁਰ ਦੇਵਾ ਸਿੰਘ ਵਾਲਾ ਨੂੰ ਤੁਰਦੇ ਹਨ। ਇਥੇ ਇਨ੍ਹਾਂ ਦੇ ਨਾਲ ਭਾਈ ਟਹਿਲ ਸਿੰਘ ਆਪਣੇ ਹੋਰ ਸਾਥੀਆਂ ਸਮੇਤ ਆ ਮਿਲਦੇ ਹਨ ਅਤੇ ਰਾਤ ਦੇ ਠੀਕ ਦਸ ਵਜੇ ਇਹ ਸਾਰੇ ਸਿੰਘ ਇਥੋਂ ਕੂਚ ਕਰਦੇ ਹਨ ਇਥੋਂ ਚਲ ਕੇ ਜਰਮੀ ਡੱਲੇ, ਚਕ ਕੋਟਲਾ ਕਾਹਲਵਾਂ, ਕਾਵਾਂ ਵਾਲੀ, ਭੋਲੇ ਚਕ, ਤੋਂ ਹੁੰਦਾ ਹੋਇਆ ਜੱਥਾ ਨਹਿਰ ਦੇ ਬੰਗਲੇ ਮੋਹਲਣ, ਜੋ

Digitized by Panjab Digital Library | www.panjabdigilib.org

ਨਨਕਾਣਾ ਸਾਹਿਬ ਤੋਂ ਕੇਵਲ ੬ ਮੀਲ ਹੈ ਪੁਜਿਆ, ਰਸਤੇ ਵਿਚ ਥਾਂਉ ਥਾਈਂ ਸਿੰਘ ਜੱਥੇ ਨਾਲ ਮਿਲਦੇ ਗਏ ।

ਮੋਹਲਨ ਪਹੁੰਚ ਕੇ ਜੱਥੇ ਨੇ ਥੋੜ੍ਹਾ ਚਿਰ ਆਰਾਮ ਕੀਤਾ । ਇਥੋਂ ਚੰਦਰ ਕੋਟ ਦੀ ਝਾਲ ਕੇਵਲ ਦੋ ਮੀਲ ਪੂਰਬ ਦੇ ਰੁਖ ਸੀ ਅਤੇ ਨਨਕਾਣਾ ਸਾਹਿਬ ੬ ਮੀਲ ਦਖਣ ਵੱਲ । ਇਨ੍ਹਾਂ ਇਹ ਸੋਚ ਕੇ ਕਿ ਚੰਦਰ ਕੋਟ ਵੱਲ ਜਾਣ ਨਾਲ ਐਵੇਂ ਦੋ ਮੀਲ ਦਾ ਵਾਧੂ ਪੰਧ ਪਵੇਗਾ, ਇਹ ਫ਼ੈਸਲਾ ਕੀਤਾ ਕਿ ਇਹ ਜਥਾ ਏਥੇ ਹੀ ਅਟਕੇ ਅਤੇ ਕੁਝ ਸਿੰਘ ਚੰਦਰ ਕੋਟ ਜਾਕੇ ਝੱਬਰ ਦੇ ਜੱਥੇ ਦਾ ਪਤਾ ਕਰ ਆਉਣ । ਚੁਨਾਂਚਿ ਇਹ ਪਤਾ ਕਰਨ ਦੀ ਡਿਊਟੀ ਜੱਥੇ ਦੇ ਸਕੱਤਰ ਭਾਈ ਦਿਆਲ ਸਿੰਘ ਦੀ ਲਗਾਈ ਗਈ ਜੋ ਪੰਜ ਸਿੰਘਾਂ ਸਮੇਤ ਨਹਿਰੋ ਨਹਿਰ ਚੰਦਰ ਕੋਟ ਵੱਲ ਤੁਰ ਗਏ ।

ਇਨ੍ਹਾਂ ਨੂੰ ਗਿਆਂ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਭਾਈ ਟਹਿਲ ਸਿੰਘ ਨੇ ਕਿਹਾ ਕਿ ਸਾਨੂੰ ਏਥੇ ਬੈਠ ਕੇ ਸਮਾਂ ਨਹੀਂ ਗੁਆਉਣਾ ਚਾਹੀਦਾ । ਜਦੋਂ ਅਸੀ ਆਪਣੇ ਘਰ ਤੋਂ ਨਨਕਾਣਾ ਸਾਹਿਬ ਵਿਖੇ ਸ਼ਹੀਦ ਹੋਣ ਦਾ ਪ੍ਰਣ ਕਰ ਕੇ ਤੁਰੇ ਹਾਂ ਤਾਂ ਕਿਸੇ ਦੀ ਉਡੀਕ ਕਰਨੀ ਜਾਂ ਐਧਰ ਓਧਰ ਦੀਆਂ ਵੇਹਲੀਆਂ ਊਹਲਾਂ ਤਕਣੀਆ ਸਾਡੇ ਲਈ ਠੀਕ ਨਹੀਂ । ਸਾਨੂੰ ਚਾਹੀਦਾ ਹੈ ਅਸੀ ਨਨਕਾਣਾ ਸਾਹਿਬ ਨੂੰ ਤੁਰ ਚੱਲੀਏ । ਜਿਸ ਕਿਸੇ ਸਾਡੇ ਨਾਲ ਚਲਨਾ ਹੋਇਆ ਰਸਤੇ ਵਿਚ ਆ ਮਿਲੇਗਾ । ਇਹ ਕਹਿੰਦੇ ਹੋਏ ਆਪ ਉਠ ਖੜੇ ਹੋਏ, ਬਾਕੀ ਸਿੰਘ ਵੀ ਤਿਆਰ ਹੋ ਪਏ ਅਤੇ ਇਹ ਸਾਰੇ ਚੰਦਰ ਕੋਟ ਮਿਲਣ ਵਾਲੇ ਜੱਥੇ ਦੀ ਉਡੀਕ ਕੀਤੇ ਬਿਨਾ ਹੀ ਨਨਕਾਣਾ ਸਾਹਿਬ ਨੂੰ ਤੁਰ ਪਏ । ਥੋੜ੍ਹੀ ਦੂਰ ਜਾ ਕੇ ਜਿਥੋਂ ਨਨਕਾਣਾ ਸਾਹਿਬ ਦੀ ਜ਼ਮੀਨ ਦੀ ਹੱਦ ਸ਼ੁਰੂ ਹੁੰਦੀ ਹੈ, ਸਾਰਿਆਂ ਬੈਠ ਕੇ ਭਾਈ ਲਛਮਣ ਸਿੰਘ ਨੂੰ ਆਪਣਾ ਜਥੇਦਾਰ ਚੁਣਿਆ ਤੇ ਜਥਾ ਅਗੇ ਚਲ ਪਿਆ । ਰਾਤ ਦੀ ਇਕੱਲ ਤੇ ਖਾਮੋਸ਼ੀ ਅੰਦਰ ਰੰਵਾਂ ਰਵੀਂ ਤੁਰਦਾ ਜੱਥਾ ਥੋੜ੍ਹੇ ਚਿਰ ਵਿਚ ਹੀ

Digitized by Panjab Digital Library | www.panjabdigilib.org

ਨਨ੍ਹਕਾਣਾ ਸਾਹਿਬ ਦੇ ਨੇੜੇ, ਮੌਜੂਦਾ ਤਹਿਸੀਲ ਵਾਲੇ ਥਾਉਂ, ਪੁਜ ਗਿਆ। ਰਸਤੇ ਵਿਚ ਕੋਟ ਦਰਬਾਰ ਦੀ ਜੂਹ ਵਿਚ ਇਕ ਵੇਰ ਸਾਰੇ ਜੱਥੇ ਨੂੰ ਰੋਕ ਕੇ ਭਾਈ ਲਛਮਣ ਸਿੰਘ ਜੀ ਨੇ ਸਾਰੇ ਸਿੰਘਾਂ ਪਾਸੋਂ ਹਥ ਨਾ ਉਠਾਉਣ ਅਤੇ ਸ਼ਾਂਤ ਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ ਸੀ ਇਹ ਪ੍ਰਣ ਇਥੇ ਫਿਰ ਦੋਹਰਾਇਆ ਗਿਆ ਅਤੇ ਇਥੋਂ ਭਾਈ ਲਛਮਣ ਸਿੰਘ ਦੀ ਸਿੰਘਣੀ ਬੀਬੀ ਇੰਦਰ ਕੌਰ ਅਤੇ ਦੋ ਹੋਰ ਬੀਬੀਆਂ ਜੋ ਸ਼ੁਰੂ ਤੋਂ ਹੀ ਜੱਥੇ ਦੇ ਨਾਲ ਆਇਆਂ ਸਨ ਨੂੰ ਭਾਈ ਹਾਕਮ ਸਿੰਘ ਨਾਲ ਗੁਰੂ ਤੰਬੂ ਸਾਹਿਬ ਵੱਲ ਭੇਜ ਦਿਤਾ ਗਿਆ। ਇਸ ਸਮੇਂ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿਚੋਂ ੧੮ ਰੁਪਏ ਬੀਬੀ ਇੰਦਰ ਕੌਰ ਨੂੰ ਦੇਂਦੇ ਹੋਏ ਕਿਹਾ ਕਿ ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿਛੋਂ ਸਾਡੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾ ਦੇਣਗੀਆ

ਜਥੇਦਾਰ ਨੇ ਸੰਖੇਪ ਸ਼ਬਦਾ ਵਿਚ ਅਰਦਾਸਾ ਸੋਧਿਆ 'ਗੁਰੂ ਨਾਨਕ, ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨਾਂ ਨੂੰ ਆਏ ਹਾਂ ਤੇ ਇਰਾਦਾ ਧਾਰਿਆ ਏ ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਨਾ ਖੂਨ ਪਾਕੇ ਧੋਣ ਦਾ। ਤੂੰ ਬਲ ਬਖਸ਼ ਕਿ ਅਸੀ ਆਪਨੇ ਇਰਾਦੇ ਵਿਚ ਸਫਲ ਹੋਈਏ ਤੇ ਇਹ ਮਿਟੀ ਦੀਆਂ ਮੜੋਲੀਆਂ ਤੇਰੇ ਚਰਨਾਂ ਵਿਚ ਲਗ ਜਾਣ।' ਹੁਣ ਜੱਥਾ ਅਗੇ ਵਧਣ ਹੀ ਲਗਾ ਸੀ ਕਿ ਭਾਈ ਵਰਿਆਮ ਸਿੰਘ ਜੀ ਭੇਜੀਆਂ ਵਾਲੇ ਜੋ ਜੱਥੇ ਦੀ ਭਾਲ ਵਿਚ ਫਿਰ ਰਹੇ ਸਨ ਇਥੇ ਪੁਜ ਗਏ ਅਤੇ ਭਾਈ ਲਛਮਣ ਸਿੰਘ ਜੀ ਨੂੰ ਸ਼੍ਰੋ. ਗੁ. ਕਮੇਟੀ ਦੇ ਫ਼ੈਸਲੇ ਅਨੁਸਾਰ ਸਚੇ ਸੌਦੇ ਤੋਂ ਛੇ ਸਿੰਘਾਂ ਦੇ ਦਸਖ਼ਤਾਂ ਵਾਲੀ ਚਿਠੀ ਦਿਤੀ ਅਤੇ ਹੋਰ ਸਾਰੇ ਜੱਥਿਆਂ ਦੇ ਰੁਕ ਜਾਣ ਦੀ ਖ਼ਬਰ ਦਿੱਤੀ। ਇਸ ਗੱਲ ਨੇ ਜੱਥੇ ਦੇ ਸਿੰਘਾਂ ਨੂੰ ਇਕ ਅਜਬ ਕਿਸਮ ਦੀ ਦੁਚਿਤੀ ਵਿਚ ਪਾ ਦਿੱਤਾ ਅਤੇ ਨਵੇਂ ਪੈਦਾ ਹੋਏ ਹਾਲਾਤ ਤੇ ਵਿਚਾਰ ਹੋਣੀ ਸ਼ੁਰੂ ਹੋਈ।

Digitized by Panjab Digital Library | www.panjabdigilib.org

ਸਮਾਂ ਬਹੁਤ ਥੋੜ੍ਹਾ ਸੀ ਅਤੇ ਪ੍ਰਭਾਤ ਦੀ ਲੋ ਸਾਮ੍ਹਣੇ, ਰਾਤ ਦਾ ਹਨੇਰਾ ਪਲਾ ਚਨਾਂ ਵਿਚ ਉਡਦਾ ਜਾ ਰਿਹਾ ਸੀ। ਅਜਿਹੇ ਸਮੇਂ ਲੰਮੀਆਂ ਵਿਚਾਰਾਂ ਨਹੀਂ ਹੋਇਆ ਕਰਦੀਆਂ ਅਤੇ ਨਾ ਹਾਲਾਤ ਹੀ ਅਜਿਹਾ ਕਰਣ ਦੀ ਇਜਾਜ਼ਤ ਦੇਂਦੇ ਸਨ। ਇਕ ਵੰਨੇ ਸ਼੍ਰੋਮਣੀ ਕਮੇਟੀ ਅਤੇ ਪੰਥ ਦਾ ਨਾ ਜਾਣ ਦਾ ਹੁਕਮ ਹੈ, ਦੂਜੇ ਵੰਨੇ ਹੋ ਚੁਕੇ ਅਰਦਾਸੇ ਅਤੇ ਕੀਤੇ ਬਚਨ ਦਾ ਸਤਕਾਰ ਹੈ। ਤੀਜੇ ਗੁਰਦੁਆਰੇ ਦੀ ਪਵਿਤ੍ਰਤਾ ਨੂੰ ਕਾਇਮ ਰਖਣ ਲਈ ਜ਼ਿੰਦਗੀ ਲਾ ਦੇਣ ਅਤੇ ਸ਼ਹੀਦਾਂ ਦੀ ਕਤਾਰ ਵਿਚ ਜਾ ਖੜੇ ਹੋਣ ਦੀ ਅਤਿ ਤੀਖਣ ਲਾਲਸਾ ਹੈ। ਪ੍ਰੰਤੂ ਇਸ ਬਾਰੇ ਹੋਰ ਸੋਚਣ ਦਾ ਸਮਾਂ ਵੀ ਨਹੀਂ ਰਿਹਾ। ਅਜਿਹੇ ਸਮੇਂ ਮਨੁੱਖੀ ਮਨ ਦੀ ਅੰਦਰਲੀ ਧੂਹ ਹੀ ਕਿਸੇ ਫ਼ੈਸਲੇ ਤੇ ਪੁਜਣ ਦੇ ਸਮਰਥ ਹੋ ਸਕਦੀ ਹੈ। ਇਹ ਧੂਹ ਭਾਵੇਂ ਇਸ ਜਥੇ ਦੇ ਸਾਰੇ ਸਿੰਘਾਂ ਅੰਦਰ ਮੌਜੂਦ ਸੀ ਪ੍ਰੰਤੂ ਜਿਸ ਗਹਿਰੀ ਲਗਨ ਨੇ ਸ਼ਹਾਦਤ ਦਾ ਸਚਾ ਤੇ ਸੁਚਾ ਹੀਰੋ ਹੋਣ ਦਾ ਮਾਣ ਬਖਸ਼ਣਾ ਸੀ ਉਹ ਹੜ੍ਹੇ ਦਰਿਆ ਦੀ ਕਦੀ ਨਾਂ ਠਲੀਣ ਵਾਲੀ ਕਾਂਗ ਵਾਂਗੂ ਭਾਈ ਟਹਿਲ ਸਿੰਘ ਦੇ ਅੰਦਰੋ ਉਛਲ ਉਛਲ ਬਾਹਰ ਵਹਿ ਰਹੀ ਸੀ। ਹੁਣ ਇਹ ਰੁਕ ਨਾ ਸਕੀ ਤੇ ਭਾਈ ਟਹਿਲ ਸਿੰਘ ਹੋਰੀਂ ਬੋਲ ਉਠੇ 'ਖ਼ਾਲਸਾ ਜੀ, ਹੁਣ ਸੋਚਣ ਦਾ ਸਮਾਂ ਨਹੀਂ। ਅਸੀਂ ਆਪਣੀਆਂ ਜ਼ਿੰਦਗੀਆਂ ਗੁਰਦੁਆਰੇ ਦੀ ਖ਼ਾਤਰ ਲਗਾ ਦੇਣ ਦਾ ਬਚਣ ਕਰ ਚੁਕੇ ਹੋਏ ਹਾਂ, ਇਹੋ ਇਰਾਦਾ ਧਾਰ ਕੇ ਘਰਾਂ ਤੋਂ ਤੁਰੇ ਸਾਂ ਕਿ ਅਸਾਂ ਨਨਕਾਣਾ ਸਾਹਿਬ ਸ਼ਹੀਦ ਹੋਣਾ ਹੈ ਅਤੇ ਇਹੋ ਅਰਦਾਸ ਤੁਸਾਂ ਹੁਣੇ ਕੀਤੀ ਹੈ। ਆਪਣੇ ਕੀਤੇ ਬਚਨਾਂ ਤੋਂ ਫਿਰਨਾ ਸੂਰਮਿਆਂ ਦਾ ਕੰਮ ਨਹੀਂ। ਮੈਂ ਵਾਪਸ ਨਹੀਂ ਜਾਵਾਂਗਾ, ਕੋਈ ਮੇਰੇ ਨਾਲ ਤੁਰੇ ਜਾਂ ਨਾ, ਮੈਂ ਤਾਂ ਸਿਧਾ ਗੁਰਦੁਆਰੇ ਜਾਵਾਂਗਾ ਅਤੇ ਜੇ ਮੇਰੇ ਭਾਗਾਂ ਵਿਚ ਹੋਈ ਤਾਂ ਸ਼ਹੀਦੀ ਪ੍ਰਾਪਤ ਕਰਾਂਗਾ।' ਇਉਂ ਕਹਿੰਦੇ ਹੋਏ ਭਾਈ ਟਹਿਲ ਸਿੰਘ ਹੋਰੀ ਗੁਃ ਜਨਮ ਅਸਥਾਨ ਦੇ ਰੁਖ ਨੂੰ ਵਗ ਤੁਰੇ। ਫੇਰ ਕੌਣ ਸੀ ਜੋ ਪਿਛਾਹਾਂ ਹਟਦਾ ?

Digitized by Panjab Digital Library | www.panjabdigilib.org

ਸਾਰੇ ਹੀ ਵਾਹੋ ਦਾਹੀ ਗੁਰਦੁਆਰੇ ਵੱਲ ਨੂੰ ਤਿਖੇ ਕਦਮੀ ਤੁਰ ਪਏ ਚੌ: ਪਾਲ ਸਿੰਘ ਜੋ ਬੁਰੀਆਣੇ ਵਲੋਂ ਕਈ ਜੱਥਿਆ ਨੂੰ ਮੋੜਦੇ ਹੋਏ ਠੀਕ ਇਸੇ ਸਮੇਂ ਇਥੇ ਪੁਜੇ ਸਨ, ਦੌੜ ਕੇ ਭਾਈ ਲਛਮਣ ਸਿੰਘ ਨੂੰ ਜਾ ਮਿਲੇ ਅਤੇ ਜੱਫਾ ਮਾਰ ਕੇ ਉਨ੍ਹਾਂ ਨੂੰ ਰੋਕ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ, ਹੁਣ ਉਨ੍ਹਾਂ ਦੀ ਕੌਣ ਸੁਣਦਾ ਸੀ। ਭਾਈ ਲਛਮਣ ਸਿੰਘ ਨੇ ਜੋ ਸਰੀਰ ਕਰਕੇ ਬੜ ਬਲ ਵਾਲੇ ਤੇ ਦਰਸ਼ਨੀ ਜੁਆਨ ਸਨ ਚੌ: ਪਾਲ ਸਿੰਘ ਨੂੰ ਜ਼ੋਰ ਕੇ ਪਰੇ ਕੀਤਾ। ਭਾਈ ਵਰਿਆਮ ਸਿੰਘ ਨਜ਼ਾਮ ਪੁਰੀਏ ਨੇ ਚੌਃ ਪਾਲ ਸਿੰਘ ਨੂੰ ਪਿਛੇ ਹਟ ਜਾਣ ਲਈ ਕਿਹਾ ਤੇ ਆਪ ਸਾਰੇ ਜੱਥੇ ਸਮੇਤ ਫਟਾ ਫਟ ਦਰਸ਼ਨੀ ਡਿਉਢੀ ਦੇ ਰਸਤੇ ਗੁਰਦੁਆਰੇ ਅੰਦਰ ਜਾ ਦਾਖਲ ਹੋਏ। ਇਸ ਵੇਲੇ ਪੌਣੇ ਛੇ ਵਜੇ ਦਾ ਸਮਾ ਸੀ।

ਅੰਦਰ ਪੁਜਦੇ ਸਾਰ ਹੀ ਮਥਾ ਟੇਕ ਕੇ ਜਥੇਦਾਰ ਲਛਮਣ ਸਿੰਘ ਜੀ ਨੇ ਜਥੇ ਦੇ ਸਾਰੇ ਸਿੰਘਾ ਨੂੰ ਥਾਉਂ ਥਾਈਂ ਡਿਊਟਿਆਂ ਦੀ ਸੌਪਨਾਂ ਕਰ ਦਿੱਤੀ ਅਤੇ ਆਪ ਕੁਝ ਸਿੰਘਾਂ ਸਮੇਤ ਗੁਰਦੁਆਰੇ ਦੀ ਦੇਖੰਡੀ (ਪ੍ਰਕਾਸ਼ ਅਸਥਾਨ) ਅੰਦਰ ਦਾਖਲ ਹੋ ਗਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਬਾਕੀ ਸਿੰਘ ਹੇਠ ਬੈਠ ਗਏ ਅਤੇ ਆਸਾ ਦੀ ਵਾਰ ਦਾ ਪਾਠ ਅਰੰਭ ਦਿੱਤਾ।

ਮਹੰਤ ਨਰੈਣ ਦਾਸ, ਜੋ ਉਸ ਸਮੇਂ ਗੁਰਦੁਆਰੇ ਦੇ ਲਹਿੰਦੇ ਤੇ ਦਖਣ ਦੀ ਗੁਠ ਵਾਲੇ ਮਕਾਨ (ਮਿਹਮਾਨ ਖ਼ਾਨੇ) ਦੇ ਚੁਬਾਰੇ ਵਿਚੋਂ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ, ਨੇ ਆਪਣੇ ਆਦਮੀਆਂ, ਰਾਂਝਾ, ਰਿਹਾਣਾ, ਮਾਛੀ ਅਤੇ ਪਠਾਣਾਂ ਨੂੰ ਜੋ ਇਸੇ ਸਮੇਂ ਦੀ ਉਡੀਕ ਲਈ ਰਖੇ ਹੋਏ ਸਨ, ਮਿਥੀ ਹੋਈ ਕਾਰਵਾਈ ਕਰਨ ਦਾ ਹੁਕਮ ਦਿੱਤਾ; ਜਿਸ ਹੁਕਮ ਨੂੰ ਪਾ ਕੇ ਇਹ ਦੱਖਣੀ ਦਰਵਾਜ਼ੇ ਵਲੋਂ ਬਾਹਰ ਤੋਂ ਪਉੜੀਆਂ ਰਾਂਹੀਂ ਇਸ ਬਾਹੀ ਵਾਲੇ ਮਕਾਨਾਂ ਦੀਆ ਛਤਾਂ ਉਪਰ ਚੜ੍ਹ ਗਏ ਅਤੇ ਬੰਦੂਕਾਂ ਨਾਲ ਗੋਲੀ ਦਾਗਣੀ ਸ਼ੁਰੂ ਕਰ ਦਿੱਤੀ।

Digitized by Panjab Digital Library | www.panjabdigilib.org

ਮਿੰਟਾਂ ਸਕਿੰਟਾਂ ਵਿਚ ਉਹ ਸਾਰੇ ਸਿੰਘ ਜੋ ਚੌਖੰਡੀ ਦੇ ਬਾਹਰ ਸਨ ਅਤੇ ਇਨ੍ਹਾਂ ਛੱਤਾਂ ਤੋਂ ਗੋਲੀ ਦਾ ਨਿਸ਼ਾਨਾ ਹੋ ਸਕਦੇ ਸਨ ਭੁੰਡ ਦਿਤੇ ਗਏ। ਭਾਈ ਟਹਿਲ ਸਿੰਘ ਹੋਰੀਂ, ਜਿਨ੍ਹਾਂ ਦੀ ਡਿਊਟੀ ਦਖਣੀ ਦਰਵਾਜ਼ੇ ਦੇ ਅੰਦਰ ਵੱਲ ਨੂੰ ਸੀ ਭੀ ਇਨ੍ਹਾਂ ਦੀ ਇਕ ਗੋਲੀ ਸੀਨੇ ਵਿਚ ਖਾ ਕੇ ਇਥੇ ਹੀ ਸ਼ਹੀਦ ਹੋ ਗਏ। ਉਪ੍ਰੰਤ ਮਹੰਤ ਦੇ ਆਦਮੀ ਬੰਦੂਕਾਂ, ਬਰਛੀਆਂ ਗੰਡਾਸੇ ਲਈ ਅੰਦਰ ਨੂੰ ਹੇਠ ਉਤਰੇ ਅਤੇ ਚੌਖੰਡੀ ਦੇ ਪਛਮੀ ਦਰਵਾਜੇ ਦੇ ਰਸਤੇ ਗੋਲੀਆਂ ਮਾਰ ਮਾਰ ਅੰਦਰ ਬੈਠੇ ਸਾਰੇ ਸਿੰਘਾਂ ਨੂੰ ਫਟੜ ਜਾਂ ਸ਼ਹੀਦ ਕਰ ਦਿਤਾ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀ ਲੰਘ ਕੇ ਸਾਮ੍ਹਣੀ ਦੀਵਾਰ ਨਾਲ ਵਜਦੀਆਂ ਰਹੀਆਂ ਜਿਨ੍ਹਾਂ ਦੇ ਨਿਸ਼ਾਨ ਅਜ ਤਕ ਮੌਜੂਦ ਹਨ। ਫਟੜ ਤੇ ਸ਼ਹੀਦ ਹੋਏ ਸਿੰਘਾਂ ਦੇ ਖ਼ੂਨ ਦੇ ਪਰਨਾਲੇ ਅੰਦਰੋਂ ਬਾਹਰ ਨੂੰ ਚਲ ਰਹੇ ਸਨ ਅਤੇ ਚੌਖੰਡੀ ਦੇ ਬਾਹਰ ਦਾ ਚੁਬੱਚਾ ਭਰ ਕੇ ਖ਼ੂਨ ਦੇ ਵਹਿਣ ਫ਼ਰਸ਼ ਦੇ ਉਪਰ ਐਉਂ ਚਲਦੇ ਸਨ ਜਿਵੇਂ ਤਿਖੀ ਵਰਖਾ ਹੋਣ ਤੇ ਗਲੀਆਂ ਬਾਜ਼ਾਰਾਂ ਅੰਦਰ ਪਾਣੀ ਦੀਆਂ ਨਦੀਆਂ ਚਲਦੀਆਂ ਹਨ।

ਗੁਰਦੁਆਰਾ ਜਨਮ ਅਸਥਾਨ ਅੰਦਰ ਲਗਾਤਾਰ ਗੋਲੀ ਚਲਣ ਦੀ ਆਵਾਜ਼ ਦੂਰ ਦੁਰਾਡੇ ਤਕ ਸੁਣੀ ਜਾ ਰਹੀ ਸੀ। ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਅਤੇ ਜਃ ਬੂਟਾ ਸਿੰਘ ਚਕ ੨੦੪ ਤੇ ਸ੍ਰ: ਉਤਮ ਸਿੰਘ ਨੇ ਇਹ ਅਵਾਜ਼ਾਂ ਸ੍ਰ: ਉਤਮ ਦੇ ਕਾਰਖਾਨੇ ਬੈਠੇ ਸੁਣੀਆਂ। ਸੁਣਦੇ ਸਾਰ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਜੀ ਗੁਰਦੁਆਰੇ ਵੱਲ ਨੂੰ ਉਠ ਨਸੇ। (ਭਾਈ ਵਰਿਆਮ ਸਿੰਘ ਹੋਰੀਂ ਭਾਈ ਲਛਮਣ ਸਿੰਘ ਦੇ ਜੱਥੇ ਨੂੰ ਵਾਪਸ ਮੋੜਨ ਵਿਚ ਅਸਫਲ ਹੋਣ ਪਰ ਭਾਈ ਦਲੀਪ ਸਿੰਘ ਨੂੰ ਇਹ ਗੱਲ ਦਸਣ ਲਈ ਉਸੇ ਸਮੇਂ ਹੀ ਕਾਰਖਾਨੇ ਪੁਜੇ ਸਨ ਅਤੇ ਹਾਲਾਂ ਆਪਣੀ ਗੱਲ ਦਸ ਹੀ ਰਹੇ ਸਨ ਕਿ ਗੋਲੀ ਚੱਲਣ ਦੀ ਅਵਾਜ਼ ਇਨ੍ਹਾਂ ਦੇ ਕੰਨੀਂ ਪਈ) ਭਾਵੇਂ ਸ੍ਰ: ਉਤਮ ਸਿੰਘ ਨੇ ਇਨ੍ਹਾਂ ਨੂੰ ਬਹੁਤ ਰੋਕਿਆ, ਪਰ ਇਨਾਂ ਇਕ ਨਹੀਂ ਸੁਣੀ। ਉਸ ਵੇਲੇ

ਦੀ ਭਾਈ ਦਲੀਪ ਸਿੰਘ ਦੇ ਮਨ ਦੀ ਦਸ਼ਾ ਨੂੰ ਕੌਣ ਜਾਣ ਸਕਦਾ ਏ? ਉਨਾਂ ਖਰੇ ਸੌਦੇ ਬਚਨ ਦਿਤਾ ਸੀ ਕਿ ਉਹ ਭਾਃ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਰੋਕ ਲੈਣਗੇ ਜਿਸ ਨੂੰ ਉਹ ਪੂਰਾ ਨ ਕਰ ਸਕੇ। ਹੁਣ ਓਹ ਭੀ ਸ਼ਹੀਦ ਹੋਇਆ ਚਾਹੁੰਦੇ ਸਨ ਤਾਂ ਕਿ ਉਹ ਸਤਿਗੁਰੂ ਦੇ ਹਜ਼ੂਰ ਸਨਮੁਖ ਕਹਿ ਸਕਨ ਕਿ 'ਹਜ਼ੂਰ, ਮੈਂ ਜਥੇ ਨੂੰ ਮੋੜਦਾ ੨ ਤੇਰੇ ਤੇੜੀ ਪੁਜ ਗਿਆ ਹਾਂ, ਹੁਣ ਤੂੰ ਹੀ ਦੇਖ ਲੈ ਕਿ ਮੈਂ ਇਨ੍ਹਾਂ ਨੂੰ ਮੋੜਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ,' ਵਾਹ! ਭਾਈ ਦਲੀਪ ਸਿੰਘ, ਗੋਲੀ ਵਰ੍ਹ ਰਹੀ ਹੈ ਪਰ ਆਪ ਮੀਲ ਭਰ ਤੋਂ ਨਿਸ਼ਾਨਾ ਬਨਣ ਹਿਤ ਜਾ ਰਹੇ ਹਨ। ਸਮੇਤ ਵਰਿਆਮ ਸਿੰਘ ਦੇ ਇਹ ਜਨਮ ਅਸਥਾਨ ਪੁਜੇ ਅਤੇ ਗੁਰਦੁਆਰੇ ਦੇ ਬਾਹਰ ਹੀ ਮਹੰਤ ਦੇ ਆਦਮੀਆਂ ਹੱਥੋਂ ਅਤੇ ਮਹੰਤ ਦੀ ਚਲਾਈ ਪਿਸਤੌਲ ਦੀ ਗੋਲੀ ਦਾ ਨਿਸ਼ਾਨਾ ਬਣ ਆਪਣੀ ਸੰਸਾਰ ਯਾਤਰਾ ਨੂੰ ਸਦਾ ਲਈ ਪੂਰਾ ਕਰ ਗਏ। ਕਾਤਲਾਂ ਨੇ ਇਨ੍ਹਾ ਦੀਆਂ ਲਾਸ਼ਾਂ ਨੂੰ ਧੂਹ ਕੇ ਪਾਸ ਹੀ ਬਲ ਰਹੀ ਘੁਮਿਆਰਾਂ ਦੀ ਆਵੀ ਵਿਚ ਸੁਟ ਦਿਤਾ ਤਾਂ ਕਿ ਇਹ ਭੀ ਪਕ ਜਾਣ ਅਤੇ ਟਣਕਣ ਪਕੇ ਭਾਂਡਿਆਂ ਵਾਂਗ ਗੁਰੂ ਨਾਨਕ ਦੀ ਦਰਗਾਹ ਅੰਦਰ, ਜਿਥੇ ਕਚਿਆਂ ਦੀ ਥਾਂ ਨਹੀਂ, ਜਿਥੇ ਕੇਵਲ ਓਹ ਵਸਦੇ ਨੇ ਜੋ ਸਿਦਕ ਦੇ ਪਕੇ ਨੇ।

ਇਸ ਸਮੇਂ ਤਕ ਗੁਰਦਵਾਰੇ ਦੇ ਅੰਦਰ ਵਾਲੇ ਸਾਰੇ ਸਿੰਘ ਸ਼ਹੀਦ ਜਾਂ ਘਾਇਲ ਹੋ ਚੁਕੇ ਸਨ। ਹੁਣ ਇਸ ਹਾਦਸੇ ਦਾ ਖੁਰਾ ਖੋਜ ਮਿਟਾਉਣ ਲਈ ਮਹੰਤ ਨੇ ਇਨ੍ਹਾਂ ਸਾਰਿਆਂ ਨੂੰ ਭਾਵੇਂ ਉਹ ਜੀਊਂਦੇ ਸਨ ਜਾਂ ਮਰ ਚੁਕੇ ਸਨ, ਤੇਲ ਪਾ ਕੇ ਫੂਕ ਦੇਣ ਦਾ ਹੁਕਮ ਦਿੱਤਾ, ਜਿਸ ਤੇ ਜ਼ਖਮੀ ਅਤੇ ਸ਼ਹੀਦ ਸਿੰਘਾਂ ਨੂੰ ਧੂਹ ਧੂਹ ਕੇ ਤਿੰਨ ਢੇਰਾਂ ਵਿਚ ਇਕੱਠਾ ਕੀਤਾ ਗਿਆ ਅਤੇ ਲਕੜ ਕਾਠ ਜੋ ਵੀ ਮਿਲਿਆ ਇਨ੍ਹਾਂ ਦੇ ਉਪਰ ਸੁਟ ਉਪਰੋਂ ਮਿਟੀ ਦਾ ਤੇਲ ਪਾ ਕੇ ਅਗ ਲਗਾ ਦਿੱਤੀ ਗਈ ਅਤੇ ਇਸ ਤਰ੍ਹਾਂ ਲਗ ਭਗ ੧੦੦ ਸਿੰਘਾਂ ਨੂੰ ਉਹ ਜਾਮੇਂ ਸ਼ਾਹਦਤ, ਜਿਸ ਦੇ ਪੀਣ ਲਈ ਇਹ ਆਪਣੇ ਆਪਣੇ ਘਰਾਂ ਤੋਂ ਪੂਰੀ ਤਿਆਰੀ ਕਰਕੇ ਆਏ ਸਨ, ਪਿਲਾ

Digitized by Panjab Digital Library | www.panjabdigilib.org

ਦਿੱਤਾ ਗਿਆ। ਖੋਜ ਕਰਨ ਤੇ ੮੬ ਸ਼ਹੀਦ ਸਿੰਘਾਂ ਦਾ ਪੂਰਾ ਥਾਂ ਪਤਾ ਮਿਲ ਸਕਿਆ ਹੈ।

ਇਹ ਸ਼ਹਾਦਤ ਆਪਣੇ ਆਪ ਵਿਚ ਇਸ ਗੱਲ ਦੀ ਗਵਾਹ ਹੈ ਕਿ ਜੇ ਕਰ ਇਹ ਸਿੰਘ ਇਸ ਦਿਨ ਨਨਕਾਣਾ ਸਾਹਿਬ ਨਾ ਆਉਂਦੇ ਤਾਂ ਮਹੰਤ ਇਸ ਦੁਰਘਟਨਾ ਲਈ ਕੀਤੀ ਹੋਈ ਤਿਆਰੀ ਨੂੰ ੬ ਮਾਰਚ ਨੂੰ ਹੋਣ ਵਾਲੇ ਇਕੱਠ ਤੇ ਉਸੇ ਤਰ੍ਹਾਂ ਵਰਤਦਾ ਜਿਸ ਤਰ੍ਹਾਂ ਉਸ ਨੇ ੨੦ ਫਰਵਰੀ ਨੂੰ ਵਰਤਿਆ ਅਤੇ ਐਸੀ ਹਾਲਤ ਵਿਚ ਜੋ ਕੌਮੀ ਅਤੇ ਮੁਲਕੀ ਨੁਕਸਾਨ ਹੁੰਦਾ ਉਸ ਨੂੰ ਸ਼ਾਇਦ ਕਈ ਪੁਸ਼ਤਾਂ ਵਿਚ ਵੀ ਭਾਰਤ ਪੂਰਾ ਨਾ ਕਰ ਸਕਦਾ। ਇਸ ਲਿਹਾਜ਼ ਤੋਂ ਭਾਈ ਲਛਮਣ ਸਿੰਘ, ਭਾਈ ਟਹਿਲ ਸਿੰਘ ਅਤੇ ਉਨ੍ਹਾਂ ਦੇ ੧੦੦ ਸਾਥੀਆਂ ਦੀ ਸ਼ਹੀਦੀ ਭਾਰਤ ਅੰਦਰ ਇਕ ਵਿਸ਼ੇਸ਼ ਅਹਿਮੀਅਤ ਰਖਦੀ ਹੈ। ਅਜਿਹੀ ਸ਼ਹਾਦਤ ਤੋਂ ਬਿਨਾ ਨਨਕਾਣਾ ਸਾਹਿਬ ਜੈਸੇ ਅਸਥਾਨ ਦਾ ਨਰੈਣ ਦਾਸ ਵਰਗੇ ਆਚਰਣਹੀਨ ਮਨੁੱਖ ਦੇ ਪੰਜੇ ਤੋਂ ਆਜ਼ਾਦ ਹੋਣਾ ਵੀ ਕਠਨ ਸੀ, ਪ੍ਰੰਤੂ ਸਭ ਤੋਂ ਵਡੀ ਸੇਵਾ ਜੋ ਇਨ੍ਹਾਂ ਸ਼ਹੀਦਾਂ ਨੇ ਆਪਣੀ ਬਲੀ ਦੇ ਕੇ ਕੀਤੀ ਉਹ ਸਾਰੇ ਦੇਸ਼ ਅਤੇ ਖਾਸ ਕਰ ਸਿੱਖ ਕੌਮ ਅੰਦਰ ਜਾਨਬਾਜ਼ੀ ਦੀ ਉਸ ਸਪਿਰਿਟ ਨੂੰ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀਆਂ ਅੰਦਰ ਭਰੀ ਸੀ, ਅਤੇ ਜਿਸ ਨੂੰ ਇਹ ਲੋਕ ਭੁੱਲਦੇ ਜਾ ਰਹੇ ਸਨ, ਮੁੜ ਨਵੇਂ ਸਿਰਿਓਂ ਤਾਜ਼ਾ ਕਰ ਦਿੱਤਾ ਜਿਸ ਦਾ ਸਿੱਟਾ ਸਮੁੱਚੀ ਅਕਾਲੀ ਲਹਿਰ ਅਤੇ ਗੁਰੂ ਕੇ ਬਾਗ ਤੇ ਗੁ: ਰੀਗਸਰ, ਜੈਤੋ ਦੀਆਂ ਬੇਮਿਸਾਲ ਕੁਰਬਾਨੀਆਂ ਸਨ। ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਹਿਰ ਨੂੰ ਹੋਰ ਚਮਕਾਇਆ ਅਤੇ ਪੰਜਾਬ ਨੂੰ ਇਸ ਲਹਿਰ ਦੀ ਸਾਰਿਆਂ ਤੋਂ ਮੁਢਲੀ ਸਫ਼ ਵਿਚ ਲਿਆ ਖੜਾ ਕੀਤਾ।

ਨਨਕਾਣਾ ਸਾਹਿਬ ਵਿਚ ਵਰਤੀ ਇਸ ਘਟਣਾ ਦੀਆਂ ਤਾਰਾਂ ਅੰਮ੍ਰਿਤਸਰ, ਲਾਹੌਰ, ਗੁ: ਖਰਾ ਸੌਦਾ ਅਤੇ ਹੋਰ ਅਨੇਕ ਥਾਵਾਂ ਤੇ ਸ੍ਰ: ਉਤਮ ਸਿੰਘ ਨੇ ਸ੍ਰ: ਕਰਮ ਸਿੰਘ ਸਟੇਸ਼ਨ ਮਾਸਟਰ ਰਾਹੀਂ ਭਿਜਵਾਈਆਂ।

Digitized by Panjab Digital Library | www.panjabdigilib.org

# ੨੧ ਫਰਵਰੀ (੧੧ ਫਗਣ) ੧੯੨੧

ਕਲ ਮਿਤੀ ੨੦ ਫਰਵਰੀ ਸਵੇਰੇ ਗਿਆਰ੍ਹਾਂ ਵਜੇ ਸ੍ਰੀ ਨਨਕਾਣਾ ਸਾਹਿਬ ਤੋਂ ਆਈਆਂ ਤਾਰਾਂ ਤੋਂ ਗੁਰਦੁਆਰਾ ਖਰਾ ਸੌਦਾ ਚੂਹੜਕਾਣੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਜਨਮ ਅਸਥਾਨ ਵਿਚ ਵਰਤੇ ਸਾਕੇ ਦੀ ਇਤਲਾਹ ਮਿਲ ਚੁਕੀ ਸੀ। ਇਸ ਸਮੇਂ ਖਰੇ ਸੌਦੇ ੮੦-੯੦ ਸਿੰਘ ਹਾਜ਼ਰ ਸਨ। ਝੱਬਰ ਜੀ ਨੇ ਇਨਾਂ ਨੂੰ ਲੈਕੇ ਗੁਰੂ ਮਹਾਰਾਜ ਦੇ ਹਜ਼ੂਰ ਅਰਦਾਸਾ ਸੋਧਿਆ 'ਸਚੇ ਪਾਤਸ਼ਾਹ, ਸਾਡੇ ਭਾਈ ਗੁਰਦੁਆਰਾ ਜਨਮ ਅਸਥਾਨ ਨੂੰ ਕੁਕਰਮੀ ਮਹੰਤ ਦੇ ਹਥੋਂ ਆਜ਼ਾਦ ਕਰਾਉਣ ਗਏ ਸ਼ਹੀਦ ਹੋ ਗਏ ਹਨ, ਹੁਣ ਇਹ ਤੇਰੇ ਟਹਿਲੀਏ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਕਮਰ ਕਸੇ ਕਰਦੇ ਹਨ। ਅੰਗ ਸੰਗ ਹੋ ਕੇ ਫਤਹ ਬਖਸ਼ਨੀ। ਜੇ ਕਰ ਅਸੀਂ ਕਬਜ਼ਾ ਨਾ ਲੈ ਸਕੀਏ ਤਾਂ ਅਸੀਂ ਸਨਮੁਖ ਹੋ ਕੇ ਸ਼ਹੀਦ ਹੋ ਜਾਈਏ।' ਇਹ ਅਰਦਾਸਾ ਸੋਧ ਕੇ ਜਥੇਦਾਰ ਨੇ ੪੦ ਕੁ ਸਿੰਘ-ਕੁਝ ਘੋੜ ਸਵਾਰ ਅਤੇ ਕੁਝ ਪੈਦਲ-ਚਾਰੋਂ ਪਾਸੇ ਪਿੰਡਾਂ ਵਿਚ ਭੇਜ ਕੇ ਨਨਕਾਣਾ ਸਾਹਿਬ ਅੰਦਰ ਵਰਤੇ ਭਾਣੇ ਦੀ ਖਬਰ ਦੇਂਦੇ ਹੋਏ ਸਭ ਥਾਈਂ ਇਹ ਸੂਚਨਾ ਭੇਜੀ ਕਿ ਇਹ ਖਬਰ ਮਿਲਣ ਸਾਰ ਹਰ ਇਕ ਪਗ ਬੰਨ੍ਹ ਸਿੰਘ ਸਨਧ ਬਧ ਹੋ ਕੇ ਨਨਕਾਣਾ ਸਾਹਿਬ ਪੁਜਨ ਦੀ ਤਿਆਰੀ ਕਰੇ ਅਤੇ ੨੧ ਫਰਵਰੀ ਸਵੇਰ ਤਕ ਚੰਦਰ-ਕੋਟ ਝਾਲ ਤੇ ਜੋ ਨਨਕਾਣਾ ਸਾਹਿਬ ਤੋਂ ਪੰਜ ਮੀਲ ਤੇ ਹੈ, ਪੁਜ ਜਾਵੇ।

੨੦ ਫਰਵਰੀ ਰਾਤ ਦੇ ਗਿਆਰਾਂ ਵਜੇ ਤਕ ਪੰਦਰਾਂ ਸੌ ਸਿੰਘ ਝਾਲ ਤੇ ਪੁਜ ਚੁਕਾ ਸੀ ਪ੍ਰੰਤੂ ਰਾਤ ਭਰ ਹੋਰ ਉਡੀਕ ਕੀਤੀ ਗਈ ਅਤੇ ੨੧ ਫਰਵਰੀ ਦੁਪਹਿਰ ਨੂੰ ਜਥੇ ਨੇ ਇਥੋਂ ਕੂਚ ਕੀਤਾ। ਇਸ ਵੇਲੇ

Digitized by Panjab Digital Library | www.panjabdigilib.org

ਹਾਜ਼ਰ ਸਜਣਾ ਦੀ ਗਿਣਤੀ ਚਾਰ ਹਜ਼ਾਰ ਤੋਂ ਉਪਰ ਸੀ ਜਿਨਾਂ ਵਿਚ ਬੀਬੀਆਂ ਅਤੇ ਬਿਰਧ ਭੀ ਕਾਫੀ ਸਨ। ਖਿਪਵਾਲੀ ਜੋ ਗੁਰਦੁਆਰੇ ਦੇ ਪੁਰਾਣੇ ਮੁਸਲਮਾਨ ਕਾਸ਼ਤਕਾਰਾਂ ਦੀ ਛੋਟੀ ਜੇਹੀ ਬਸਤੀ ਨਨਕਾਣਾ ਸਾਹਿਬ ਤੋਂ ਦੋ ਮੀਲ ਤੇ ਹੈ, ਪੁਜ ਕੇ ਜਥੇਦਾਰ ਝੱਬਰ ਨੇ ਸਭ ਨੂੰ ਖੜੇ ਹੋ ਜਾਣ ਲਈ ਕਿਹਾ ਅਤੇ ਦਸਿਆ ਕਿ ਗੁਰਦੁਆਰਾ ਜਨਮ ਅਸਥਾਨ ਇਸ ਸਮੇਂ ਗੋਰਾ ਫੌਜ ਦੇ ਕਬਜੇ ਵਿਚ ਹੈ ਗੁਰਦੁਆਰੇ ਨੂੰ ਤਾਲੇ ਲਗੇ ਹੋਏ ਹਨ ਅਤੇ ਕਿਸੇ ਨੂੰ ਉਧਰ ਜਾਣ ਦੀ ਆਗਿਆ ਨਹੀ। ਅਸੀਂ ਖਰੇ ਸੌਦੇ ਤੋਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਅਸਾਂ ਗੁਰਦੁਆਰੇ ਦਾ ਕਬਜਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ। ਇਸ ਲਈ ਇਥੋਂ ਅਗੇ ਕੇਵਲ ਉਹ ਸਜਣ ਤੁਰਣ ਜਿਨਾਂ ਇਸ ਫੈਸਲੇ ਤੇ ਡਟਣਾ ਹੈ। ਬਾਕੀ ਦੇ ਸਿੰਘ ਅਤੇ ਬੀਬੀਆਂ ਇਥੋਂ ਗੁਰਦੁਆਰਾ ਕਿਆਰਾ ਸਾਹਿਬ ਦੇ ਰਸਤੇ ਉਧਰ ਚਲੇ ਜਾਣ। ਇਉਂ ਕਹਿੰਦੇ ਹੋਏ ਜਥੇਦਾਰ ਨੇ ਇਕ ਲਕੀਰ ਖਿਚ ਦਿਤੀ ਅਤੇ ਬਾਈ ਸੌ ਜਵਾਨਾਂ, ਜੋ ਇਸ ਲਕੀਰ ਤੋਂ ਲੰਘੇ, ਨੂੰ ਦੋ ਦੋ ਸੌ ਦੇ ਗਿਆਰਾਂ ਜਥਿਆਂ ਵਿਚ ਵੰਡ ਕੇ ਹਰ ਜਥੇ ਦਾ ਆਪੋ ਆਪ ਜਥੇਦਾਰ ਥਾਪ ਦਿਤਾ ਅਤੇ ਝੱਬਰ ਸਾਹਿਬ ਆਪ ਘੋੜੇ ਤੇ ਸਵਾਰ ਸਭ ਤੋਂ ਅਗੇ ਹੋ ਤੁਰੇ ਅਤੇ ਸਾਰੇ ਜਥਿਆਂ ਨੇ ਗੁਰਦੁਆਰਾ ਜਨਮ ਅਸਥਾਨ ਵੱਲ ਮਾਰਚ ਕੀਤਾ। ਬਾਕੀ ਦੀ ਸਾਰੀ ਸੰਗਤ ਨੇ ਗੁ: ਕਿਆਰਾ ਸਾਹਿਬ ਦਾ ਰਸਤਾ ਲਿਆ।

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

ਹਥ ਨ ਚੁਕਣ ਦੀ ਸ਼ਾਂਤਮਈ ਪਾਲੀਸੀ ਦੀ ਵਰਤੋਂ ਹੋ ਚੁਕੀ ਸੀ ਇਸ ਦਾ ਸਿੱਟਾ ਸੀ ਸੌ ਸਿੰਘਾਂ ਦੀ ਅਲੌਕਕ ਸ਼ਹੀਦੀ, ਜਿਸ ਨੇ ਸਮੁਚੇ ਪੰਥ ਦੇ ਖੂਨ ਨੂੰ ਗਰਮਾਇਆ। ਸ਼ਾਂਤਮਈ ਨੇ 'ਜੂਝ ਮਰਉਂ ਰਣ ਮੈਂ ਤਜ ਭੈ' ਦਾ ਰੰਗ ਅਪਨਾਇਆ ਅਤੇ ਇਹ ਬਾਈ ਸੌ ਸਿੰਘਾਂ ਦਾ ਜਥਾ, ਜਿਸ ਦਾ

Digitized by Panjab Digital Library | www.panjabdigilib.org

ਹਰ ਸਿੰਘ ਛਵੀ ਗੰਡਾਸੇ ਸਫਾਜੰਗ, ਕਿਰਪਾਨ ਜਾਂ ਡਾਂਗ ਨਾਲ ਹਥਿਆਰ ਬੰਦ ਸੀ, ਬਾਕਾਇਦਾ ਮਾਰਚ ਕਰਦਾ ਹਾਲਾਂ ਗੁ: ਜਨਮ ਅਸਥਾਨ ਅਤੇ ਖਿਪਵਾਲੀ ਦੇ ਅਧ ਵਿਚਾਲੇ ਹੀ ਪੁਜਾ ਸੀ ਕਿ ਸ: ਬ: ਮਹਿਤਾਬ ਸਿੰਘ ਜੋ ਉਸ ਸਮੇ ਪੰਜਾਬ ਸਰਕਾਰ ਦੇ ਸਰਕਾਰੀ ਵਕੀਲ ਸੀ ਘੋੜੇ ਤੇ ਸਵਾਰ ਅਗੋਂ ਆ ਮਿਲੇ ਅਤੇ ਜਥੇ ਨੂੰ ਅਗੇ ਜਾਣ ਤੋਂ ਇਹ ਕਹਿ ਕੇ ਰੋਕਿਆ ਕਿ 'ਅਗੇ ਗੋਰਾ ਫੌਜ ਹੈ ਅਤੇ ਮਸ਼ੀਨ ਗੰਨਾਂ ਬੀੜੀਆਂ ਹੋਈਆਂ ਹਨ, ਪਤਾ ਨਹੀਂ ਕਿਤਨੇ ਸਿੰਘ ਅਗੇ ਸ਼ਹੀਦ ਹੋ ਚੁਕੇ ਹਨ ਤੇ ਜੇ ਕਰ ਤੁਸਾਂ ਅਗਾਹਾਂ ਗਏ ਤਾਂ ਤੁਸੀਂ ਭੀ ਮਾਰੇ ਜਾਂਵੋਗੇ।'

ਝਬੱਰ ਨੇ ਉਤਰ ਦਿਤਾ 'ਸ੍ਰਦਾਰ ਬਹਾਦਰ, ਜੋ ਕੁਝ ਹੋਣਾ ਸੀ ਹੋ ਚੁਕਾ ਹੈ, ਹੁਣ ਪਿਛੇ ਮੁੜਣ ਦਾ ਸਮਾਂ ਨਹੀਂ, ਅਸੀਂ ਗੁਰਦੁਆਰੇ ਦਾ ਕਬਜਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ, ਸਾਨੂੰ ਕੁਝ ਨ ਕਹੋ ਅਸੀਂ ਰੁਕ ਨਹੀਂ ਸਕਦੇ' ਸ੍ਰਦਾਰ ਬਹਾਦਰ ਤਾਂ ਇਹ ਉਤਰ ਲੈਕੇ ਵਾਪਸ ਪਰਤ ਗਿਆ ਅਤੇ ਝੱਬਰ ਸਾਹਿਬ ਨੇ ਇਕ ਵੇਰ ਜਥੇ ਨੂੰ ਮੁੜ ਸੰਬੋਧਨ ਕੀਤਾ, 'ਖਾਲਸਾ ਜੀ, ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁਜ ਗਏ ਹਾਂ। ਖਾਲਸੇ ਦਾ ਕਰਮ ਹੈ 'ਅਗਾਹਾਂ ਕੂ ਤ੍ਰਾਂਘ ਪਿਛਾ ਫੇਰ ਨ ਮੁਹਡੜਾ' ਜਿਸ ਵੇਲੇ ਗੋਲੀ ਚਲੇ, ਤੁਸਾਂ ਸਭ ਨੇ ਪੂਰੇ ਜੋਰ ਨਾਲ ਦੌੜ ਕੇ ਗੋਰਾ ਫੌਜ ਤੇ ਹੱਲਾ ਬੋਲਨਾ ਹੈ ਜੋ ਗੋਲੀ ਖਾ ਕੇ ਡਿਗ ਪਵੇ ਉਸ ਨੂੰ ਪਿਆ ਰਹਿਣ ਦਿਓ, ਅਗੇ ਵਧਦੇ ਜਾਓ ਅਤੇ ਹਥੋ ਹਥੀ ਗੋਰਿਆਂ ਤੇ ਪੈ ਕੇ ਉਨਾਂ ਪਾਸੋਂ ਬੰਦੂਕਾਂ ਖੋਹ ਲਵੋ, ਜੋ ਮਰ ਜਾਣਗੇ ਸ਼ਹੀਦੀ ਪ੍ਰਾਪਤ ਹੋਣਗੇ, ਜੋ ਬਚਣਗੇ ਗੋਰਿਆਂ ਨੂੰ ਚੀਰ ਕੇ ਗੁਰਦੁਆਰੇ ਦਾ ਕਬਜ਼ਾ ਕਰਨਗੇ। ਅਸਾਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਗੁਰਦੁਆਰੇ ਦਾ ਕਬਜਾ ਕਰਾਂਗੇ ਜਾਂ ਸਨਮੁਖ ਸ਼ਹੀਦ ਹੋਵਾਂਗੇ—ਦੋਨਾਂ ਵਿਚੋਂ ਇਕ ਗੱਲ ਤਾਂ ਜ਼ਰੂਰ ਹੋਵੇਗੀ, ਇਸ ਲਈ ਕਿਸੇ ਪ੍ਰਕਾਰ ਦੀ ਢਿਲਿਆਈ ਨਹੀਂ ਵਿਖਾਉਣੀ-ਗੋਰੇ ਦੋ ਸੌ ਹਨ ਤੁਸੀ ਬਾਈ ਸੌ ਹੋ, ਤੁਹਾਡੇ ਅਗੇ ਓਹ ਕਿਆ ਚੀਜ਼ ਹਨ।' ਜਥੇ ਵਿਚੋਂ ਕਿਸੇ ਨੇ

Digitized by Panjab Digital Library | www.panjabdigilib.org

ਜੈਕਾਰਾ ਬੁਲਾਇਆ ਜੋ ਇਤਨੇ ਜ਼ੋਰ ਦਾ ਸੀ ਕਿ ਇਕ ਵੇਰ ਧਰਤੀ ਭੀ ਕੰਬਦੀ ਪ੍ਰਤੀਤ ਹੁੰਦੀ ਸੀ, ਇਕ ਮਿੰਟ ਵਿਚ ਸਾਰੇ ਸਿੰਘ ਮੁੜ ਆਪੋ ਆਪਣੇ ਜਥਿਆਂ ਵਿਚ ਮਾਰਚ ਕਰਦੇ ਦਿਸੇ। ਇਸ ਵੇਲੇ ਸ਼ਾਮ ਦੇ ਚਾਰ ਵਜ ਚੁਕੇ ਸਨ ਅਤੇ ਥੋੜੇ ਸਮੇਂ ਵਿਚ ਹੀ ਇਹ ਰੇਲ ਦੀ ਲਾਈਨ ਦੇ ਪਾਸ ਪੁਜ ਗਏ। ਇਨਾਂ ਦੇ ਸਾਮਣੇ ਥੋੜੀ ਵਿਥ ਤੇ ਚਾਰ ਅੰਗਰੇਜ਼ ਅਫਸਰ ਕਮਿਸ਼ਨਰ, ਪੁਲਸ ਜਰਨੈਲ, ਫੌਜੀ ਜਰਨੈਲ ਅਤੇ ਡੀ. ਸੀ. ਅਤੇ ਸ੍ਰ: ਬ: ਮਹਿਤਾਬ ਸਿੰਘ ਸ੍ਰ: ਹਰਬੰਸ ਸਿੰਘ ਜੀ ਅਟਾਰੀ, ਭਾਈ ਜੋਧ ਸਿੰਘ, ਤੇ ਸ੍ਰ: ਲਾਲ ਸਿੰਘ ਲਾਹੌਰ ਵਾਲੇ ਜੋ ਲਾਹੌਰ ਤੋਂ ਕਮਿਸ਼ਨਰ ਦੇ ਨਾਲ ਹੀ ਇਥੇ ਪੁਜ ਗਏ ਹੋਏ ਸਨ ਵਿਖਾਈ ਦਿਤੇ, ਡਿਪਟੀ ਕਮਿਸ਼ਨਰ ਮਿ: ਕਰੀ ਨੇ ਅਗੇ ਵਧ ਕੇ ਝੱਬਰ ਜੀ ਨੂੰ ਜਥੇ ਨੂੰ ਰੋਕਣ ਵਾਸਤੇ ਕਿਹਾ ਅਤੇ ਨਾਲ ਹੀ ਧਮਕੀ ਦਿਤੀ ਕਿ 'ਆਗੇ, ਗੋਰਾ ਫੋਜ ਹੈ ਅਗਰ ਆਪ ਆਗੇ ਬੜ੍ਹੋਗੇ ਤੋ ਗੋਲੀ ਚਲ ਜਾਇਗੀ ਔਰ ਤੁਮ ਨਾਹੱਕ ਮਾਰੇ ਜਾਉਗੇ,'

ਝੱਬਰ: 'ਹਾਂ ਹਾਂ, ਆਪ ਗੋਲੀ ਚਲਾਓ ਔਰ ਮੇਰੇ ਜਵਾਨਾਂ ਦੇ ਹਥ ਵੇਖੋ'

ਪੁਲਸ ਜਰਨੈਲ: 'ਆਪ ਕਿਆ ਚਾਹਤੇ ਹੈਂ ?'

ਝੱਬਰ: ਅਸੀਂ ਤੁਹਾਥੋਂ ਤਾਂ ਕੁਝ ਨਹੀਂ ਮੰਗਦੇ। ਇਹ ਗੁਰਦੁਆਰਾ ਸਾਡਾ ਯੂਰੋਸ਼ਲਮ ਹੈ ਤੁਸੀ ਸਾਨੂੰ ਇਥੇ ਜਾਣ ਤੋਂ ਕਿਉਂ ਰੋਕਦੇ ਹੋ ? ਤੁਸੀ ਇਸ ਨੂੰ ਜੰਦਰੇ ਕਿਉਂ ਮਾਰੇ ਹਨ? ਇਸ ਦੀਆਂ ਚਾਬੀਆਂ ਰਖ ਦਿਓ ਔਰ ਫੌਜ ਹਟਾ ਲਵੋ, ਅਸੀਂ ਹੋਰ ਕੁਝ ਨਹੀਂ ਚਾਹੁੰਦੇ ।

ਡੀ: ਸੀ ਕਰੀ: ਬਹੁਤ ਅਛਾ, ਆਪ ਨੂੰ ਚਾਬੀਆਂ ਮਿਲ ਜਾਣਗੀਆਂ ਪਰ ਅਜ ਦੀ ਰਾਤ ਚਾਰ ਪਹਿਰ ਠਹਿਰੋ


ਝੱਬਰ : ਸਾਹਬ, ਤੈਨੂੰ ਮਤ ਦੇਣ ਵਾਲਾ ਮੈਨੂੰ ਭੀ ਸਮਝਾ ਗਿਆ ਹੈ, ਤੂੰ ਚਾਰ ਪਹਿਰ ਕਹਿੰਦਾ ਹੈ ਅਸੀਂ ਚਾਰ ਮਿੰਟ ਨਹੀਂ ਅਟਕ ਸਕਦੇ, ਖਾਲਸਾ ਜੀ ਸਾਹਬ ਕਹਿੰਦਾ ਹੈ ਚਾਰ ਪਹਿਰ ਅਟਕੋ, ਕਲ ਸਵੇਰੇ ਚਾਬੀਆਂ ਮਿਲਣਗੀਆਂ'

Digitized by Panjab Digital Library | www.panjabdigilib.org

ਇਹ ਸੁਣਦੇ ਸਾਰ ਜਥੇ ਦੀ ਮੂਹਰਲੀ ਕਤਾਰ ਵਿਚੋਂ ਗਿਆਨ ਸਿੰਘ ਨਾਮੀ ਸਿੰਘ ਅਗ ਵਧਿਆ ਔਰ ਆਪਨੀ ਛਵੀ ਜੋਰ ਨਾਲ ਜ਼ਮੀਨ ਤੇ ਮਾਰਦਾ ਹੋਇਆ ਕਹਿਣ ਲਗਾ 'ਅਸੀਂ ਇਕ ਪਲ ਅਟਕਨ ਨੂੰ ਤਿਆਰ ਨਹੀਂ'। ਗਿਆਨ ਸਿੰਘ ਦੀ ਛੁਵੀ ਭੁੰਜੇ ਵੱਜਣ ਦੀ ਦੇਰ ਸੀ ਕਿ ਸਾਰੇ ਜਥੇ ਨੇ ਆਪਨਾ ੨ ਹਥਿਆਰ ਜ਼ਮੀਨ ਤੇ ਮਾਰਿਆ ਅਤੇ ਬੜੇ ਜੋਸ਼ ਵਿਚ ਸਤਿ ਸ੍ਰੀ ਅਕਾਲ ਦਾ ਜੈਕਾਰਾ ਛਡਿਆ। ਝੱਬਰ ਜੋਸ਼ ਨਾਲ ਬੋਲਿਆ 'ਸਾਹਬ, ਪਿਛੇ ਹਟ ਜਾਓ, ਐਸਾ ਨ ਹੋਵੇ ਕਿ ਤੁਹਾਡਾ ਕੋਈ ਨੁਕਸਾਨ ਹੋ ਜਾਵੇ, ਇਹ ਜਥਾ ਹੁਣ ਗੁਰਦੁਆਰੇ ਜਾਇਗਾ ਔਰ ਕਿਸੇ ਦਾ ਰੋਕਿਆ ਰੁਕ ਨਹੀਂ ਸਕਦਾ,' ਹੁਣ ਸਾਹਬ ਬੋਲਿਆ 'ਅਛਾ ਦੋ ਮਿੰਟ ਠਹਿਰੋ' ਅਰ ਇਉਂ ਕਹਿੰਦੇ ਹੋਏ ਚਹਵਾਂ ਅੰਗਰੇਜ਼ ਅਫਸਰਾਂ ਨੇ ਕੁਝ ਸਲਾਹ ਕੀਤੀ ਅਤੇ ਕਮਿਸ਼ਨਰ ਕਿੰਗ ਨੇ ਅਗੇ ਵਧ ਕੇ ਝੱਬਰ ਨੂੰ ਗੁਰਦੁਆਰੇ ਦੀਆਂ ਚਾਬੀਆਂ ਦੇਂਦੇ ਹੋਏ ਕਿਹਾ 'ਹਮ ਆਪ ਕੋ ਗੁਰਦੁਆਰੇ ਕੀ ਚਾਬੀਆਂ ਦੇਤਾ ਹੈ ਲੇਕਨ ਆਪ ਏਕ ਕਮੇਟੀ ਬਣਾ ਲੋ ਜਿਸ ਕੋ ਹਮ ਗੁਰਦੁਆਰੇ ਕਾ ਕਬਜ਼ਾ ਲਿਖ ਦੇਂਗੇ। ਦੂਸਰੀ ਬਾਤ ਯੇਹ ਹੈ ਕਿ ਆਪ ਕੁਛ ਦੇਰ ਠਹਿਰੋ ਹਮ ਫੌਜ ਕੋ ਵਾਪਸ ਬੁਲਾਇੰਗੇ ਔਰ ਫਿਰ ਆਪਕਾ ਜਥਾ ਆਗੇ ਬੜ੍ਹੇ,' ਝੱਬਰ ਨੇ ਘੋੜੇ ਤੇ ਚੜ੍ਹ ਕੇ ਜਥੇ ਨੂੰ ਚਾਬੀਆਂ ਵਿਖਾਉਂਦੇ ਹੋਏ ਕਿਹਾ 'ਖਾਲਸਾ ਜੀ, ਗੁਰਦੁਆਰੇ ਦੀਆਂ ਚਾਬੀਆਂ ਤੁਹਾਨੂੰ ਮਿਲ ਗਈਆਂ ਹਨ, ਪ੍ਰੰਤੂ ਤੁਸੀ ਇਥੇ ਅਟਕੋ ਤਾਂ ਕਿ ਗੋਰਾ ਫੌਜ ਰਸਤੇ ਵਿਚੋਂ ਇਕ ਤਰਫ ਹੋ ਜਾਵੇ ਔਰ ਕਾਨੂੰਨੀ ਕਾਰਵਾਈ ਕਰਣ ਲਈ ਇਕ ਕਮੇਟੀ ਬਣਾ ਲਈ ਜਾਏ, ਜਿਸ ਨੂੰ ਕਮਿਸ਼ਨਰ ਸਾਹਿਬ ਗੁਰਦੁਆਰੇ ਦਾ ਕਬਜਾ ਲਿਖ ਦੇਣਗੇ।' ਹੁਣ ਸ੍ਰ: ਹਰਬੰਸ ਸਿੰਘ ਜੀ ਅਟਾਰੀ ਨੇ ਕਮਿਸ਼ਨਰ ਨੂੰ ਕਿਹਾ ਕਿ 'ਨਵੀਂ ਕਮੇਟੀ ਬਨਾਉਣ ਦੀ ਤਾਂ ਲੋੜ ਨਹੀਂ ਕਿਉਂਕਿ ਸ਼੍ਰੋ: ਗੁਰਦੁਆਰਾ ਕਮੇਟੀ ਪਹਿਲੇ ਹੀ ਬਣ ਚੁਕੀ ਹੋਈ ਹੈ।' ਉਹ ਸਿਖ ਕੌਮ ਦੀ ਨੁਮਾਇੰਦਾ ਜਮਾਤ ਹੈ ਤੁਸੀਂ ਉਸ ਕਮੇਟੀ ਦੇ ਨਾਮ ਹੀ ਗੁਰਦੁਆਰੇ ਦਾ ਕਬਜ਼ਾ ਲਿਖ ਦਿਉ। ਪ੍ਰੰਤੂ ਕਮਿਸ਼ਨਰ ਦੇ ਜ਼ਿਦ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਸ਼ਹੀਦਾਂ ਦੀਆਂ ਅਧਸੜੀਆਂ ਲਾਸ਼ਾਂ ਦਾ ਦਰਿਸ਼

Digitized by Panjab Digital Library | www.panjabdigilib.org

ਕਰਨ ਤੇ ਹਾਜ਼ਰ ਸਿੰਘਾਂ ਵਿਚੋਂ ਹੀ ਸਤ ਆਦਮੀਆਂ ਦੀ ਇਕ ਕਮੇਟੀ ਬਣਾ ਲਈ ਗਈ ਜਿਸ ਦੇ ਪ੍ਰਧਾਨ ਸ੍ਰ: ਹਰਬੰਸ ਸਿੰਘ ਜੀ ਥਾਪੇ ਗਏ ਅਤੇ ਗ: ਜਨਮ ਅਸਥਾਨ ਦਾ ਕਬਜ਼ਾ ਇਸ ਕਮੇਟੀ ਦੇ ਹੱਕ ਵਿਚ ਲਿਖ ਦਿਤਾ ਗਿਆ।

ਇਤਨੇ ਵਿਚ ਗੋਰਾ ਫੌਜ ਗੁਰਦੁਆਰੇ ਦੇ ਪਹਿਰੇ ਤੋਂ ਹਟ ਚੁਕੀ ਸੀ। ਝੱਬਰ ਨੇ ਜਥੇ ਨੂੰ ਉਸ ਥਾਂ ਅਟਕਣ ਦੀ ਸੂਚਨਾ ਦਿਤੀ ਅਤੇ ਆਪ ਕਮੇਟੀ ਦੇ ਮੈਂਬਰ ਅਤੇ ਕੁਝ ਹੋਰ ਸਿੰਘਾਂ ਸਮੇਤ ਜੋ ਲਾਹੌਰ ਅੰਮ੍ਰਿਤਸਰ ਗੁਜਰਾਂ ਵਾਲਾ ਆਦਿ ਥਾਵਾਂ ਤੋਂ ਪੁਜੇ ਹੋਏ ਸਨ, ਦਖਣੀ ਦਰਵਾਜ਼ੇ ਦਾ ਤਾਲਾ ਖੋਹਲ ਕੇ ਗੁ: ਜਨਮ ਅਸਥਾਨ ਦੇ ਇਹਾਤੇ ਅੰਦਰ ਦਾਖਲ ਹੋਏ। ਸਾਰਾ ਫਰਸ਼, ਬਾਰਾਂਦਰੀ ਅਤੇ ਗੁਰਦੁਆਰਾ ਲਹੂ ਲੁਹਾਣ ਹੋਏ ਨਜ਼ਰੀਂ ਪਏ। ਬਾਰਾਂਦਰੀ ਦੇ ਉਤਰ ਵਲ ਤਿੰਨ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ ਬਾਕੀ ਦੇ ਸ਼ਹੀਦ ਹੋਏ ਸਿੰਘਾਂ ਦੇ ਅਧ ਸੜੇ ਸਰੀਰ ਅਤੇ ਟੋਟੇ ਟੋਟੇ ਕੀਤੇ ਹਿਸੇ ਲਤਾਂ ਬਾਹਾਂ ਸਿਰ ਅਤੇ ਸਰੀਰਾਂ ਦੇ ਹੋਰ ਭਾਗ ਕਈ ਢੇਰਾਂ ਵਿਚ ਪਏ ਸਨ। ਇਸ ਅਤਿ ਹਿਰਦੇ ਵੇਧਕ ਦਰਿਸ਼ ਨੂੰ ਇਹ ਸਿੰਘ ਬਹੁਤ ਸਮਾਂ ਨ ਵੇਖ ਸਕੇ ਅਤੇ ਛੇਤੀ ਹੀ ਬਾਹਰ ਆਕੇ ਦਰਵਾਜ਼ਾ ਬੰਦ ਕੀਤਾ ਗਿਆ। ਕੁਝ ਸਿੰਘਾਂ ਨੂੰ ਜਥੇ ਦੇ ਪੁਜਣ ਤਕ ਦਰਵਾਜ਼ਿਆਂ ਅਗੇ ਖੜਾ ਕਰਕੇ ਝੱਬਰ ਜਥੇ ਵੱਲ ਗਿਆ। ਸ੍ਰ: ਉਤਮ ਸਿੰਘ ਅਤੇ ਨਨਕਾਣਾ ਸਾਹਿਬ ਸ਼ਹਿਰ ਦੇ ਹੋਰ ਪ੍ਰੇਮੀ ਇਸ ਵੇਲੇ ਤਕ ਜਥੇ ਲਈ ਦੁਧ ਚਾਹ ਪਾਣੀ ਅਤੇ ਹੋਰ ਖਾਣ ਦੇ ਪਦਾਰਥ ਲੈ ਕੇ ਜਥੇ ਪਾਸ ਪੁਜੇ ਹੋਏ ਸਨ। ਕਲ ਦੇ ਘਰਾਂ ਤੋਂ ਤੁਰੇ ਹੋਏ ਪਿਆਸੇ ਤੇ ਭੁਖੇ ਸਿੰਘਾਂ ਨੂੰ ਜਲ ਪਾਣੀ ਛਕਾਇਆ ਗਿਆ, ਉਪਰੰਤ ਝੱਬਰ ਜੀ ਨੇ ਜਥੇ ਨੂੰ ਗੁਰਦੁਆਰੇ ਦੇ ਅੰਦਰ ਦੇ ਹਾਲਾਤ ਤੋਂ ਸੰਖੇਪ ਤੋਰ ਜਾਣੂੰ ਕਰਾਇਆ ਅਤੇ ਅਗਲੇ ਦਿਨ ਸਵੇਰੇ ਦਰਵਾਜ਼ੇ ਖੋਹਲ ਕੇ ਸ਼ਹੀਦਾਂ ਦੇ ਦਰਸ਼ਨ ਕਰਾਏ ਜਾਣ ਦੀ ਸੂਚਨਾਂ ਦੇਂਦੇ ਹੋਏ ਜਥੇ ਨੂੰ ਗੁਰਦੁਆਰੇ ਦੀ ਸਰਾਇ ਅੰਦਰ ਲਿਆਂਦਾ ਗਿਆ। ਸਾਰੇ ਸਿੰਘਾਂ ਨੂੰ ਆਪੋ ਆਪ ਗੁਰਦੁਆਰਾ ਸਰਾਇ ਅਤੇ ਆਬਾਦੀ ਜਨਮ ਅਸਥਾਨ ਦੀਆਂ

Digitized by Panjab Digital Library | www.panjabdigilib.org

ਵਖੋ ਵਖ ਥਾਵਾਂ ਦੇ ਪਹਿਰੇ ਤੇ ਖੜਾ ਕੀਤਾ ਗਿਆ। ਜਥੇ ਦੇ ਸਿੰਘਾਂ ਨੇ ਸਾਰੀ ਰਾਤ ਪੂਰੀ ਚੌਕਸਤਾਈ ਨਾਲ ਗੁਰਦੁਆਰੇ ਅਤੇ ਸੰਬੰਧਤ ਥਾਵਾਂ ਦੀ ਰਖਵਾਲੀ ਕੀਤੀ। ਇਸ ਤਰਾਂ ਨਾਲ ੨੧ ਫਰਵਰੀ ੧੯੨੧ ਮੁਤਾਬਕ ੧੧ ਫਗਣ ਨੂੰ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਸਤ ਮੈਂਬਰਾਂ ਦੀ ਪੰਥਕ ਕਮੇਟੀ ਦੇ ਨਾਮ ਤੇ ਭਾਈ ਕਰਤਾਰ ਸਿੰਘ ਝੱਬਰ ਦੀ ਜਥੇਦਾਰੀ ਹੇਠ ਖਰਾ ਸੌਦਾ ਬਾਰ ਦੇ ਜਥੇ ਦੇ ਹਥ ਵਿਚ ਆਇਆ। ਰਾਤ ਬਰਾਤੇ ਸਿੰਘਾਂ ਦੇ ਹੋਰ ਕਈ ਜਥੇ ਜੜਾਂ ਵਾਲਾ, ਸਾਂਗਲਾ, ਗੁਜਰਾਂਵਾਲਾ ਲਾਹੌਰ, ਲਾਇਲਪੁਰ ਆਦਿ ਥਾਂਵਾਂ ਤੋਂ ਇਥੇ ਪੁਜ ਗਏ ਸਨ ਅਤੇ ਅਗਲਾ ਦਿਨ ਚੜ੍ਹਨ ਤਕ ਸਿੰਘ ਹਜ਼ਾਰਹਾਂ ਦੀ ਗਿਣਤੀ ਵਿਚ ਨਨਕਾਣਾ ਸਾਹਿਬ ਆ ਚੁਕੇ ਸਨ। ੨੨ ਫਰਵਰੀ ਸਵੇਰੇ ੧੧ ਵਜੇ ਦਖਣੀ ਦਰਵਾਜ਼ੇ ਦੇ ਰਸਤੇ ਜਦ ਜਨਮ ਅਸਥਾਨ ਜੋ ਉਸ ਸਮੇਂ ਸ਼ਹੀਦ ਅਸਥਾਨ ਬਣਿਆ ਹੋਇਆ ਸੀ ਦੇ ਦਰਸ਼ਨਾਂ ਨੂੰ ਅੰਦਰ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜ਼ਖਮੀ ਬੀੜ ਦੇ ਉਸੇ ਪ੍ਰਕਾਸ਼ ਮਈ ਹਾਲਤ ਵਿਚ ਦਰਸ਼ਨ ਕੀਤੇ ਤਾਂ ਸਭ ਤੋਂ ਪਹਿਲੋਂ ਇਹ ਸ਼ਬਦ ਸਾਮਣੇ ਆਇਆ ਜਿਸ ਦਾ ਪਾਠ ਅਤਿ ਵੈਰਾਗ ਮਈ ਸੁਰ ਵਿਚ ਭਾਈ ਹੀਰਾ ਸਿੰਘ ਜੀ ਫਿਰੂਕੇ ਵਲਿਆਂ ਨੇ ਕੀਤਾ:

ਰਾਗ ਸੂਹੀ ਬਾਣੀ ਸੇਖ ਫਰੀਦ ਜੀਕੀ

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ—ਬਾਵਲਿ ਹੋਈ ਸੋ ਸਹੁ ਲੋਰਉ
ਤੈ ਸਹਿ ਮਨ ਮਹਿ ਕੀਆ ਰੋਸੁ—ਮੁਝ ਅਵਗਨ ਸਹ ਨਾਹੀ ਦੋਸੁ
ਤੈ ਸਾਹਿਬ ਕੀ ਮੈ ਸਾਰ ਨ ਜਾਨੀ—ਜੋਬਨੁ ਖੋਇ ਪਾਛੈ ਪਛੁਤਾਨੀ
ਕਾਲੀ ਕੋਇਲ ਤੂ ਕਿਤ ਗੁਨ ਕਾਲੀ-ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ
ਪਿਰਹਿ ਬਿਹੂਨ ਕਤਹਿ ਸੁਖ ਪਾਏ-ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ
ਵਿਧਣ ਖੂਹੀ ਮੁੰਧ ਇਕੇਲੀ—ਨਾ ਕੋ ਸਾਥੀ ਨਾ ਕੋ ਬੇਲੀ
ਕਰਿ ਕ੍ਰਿਪਾ ਪ੍ਰਭਿ ਸਾਧਸੰਗ ਮੇਲੀ-ਜਾ ਫਿਰਿ ਦੇਖਾਂ ਤਾ ਮੇਰਾ ਅਲਹੁ ਏਲੀ
ਵਾਟ ਹਮਾਰੀ ਖਰੀ ਉਡੀਣੀ—ਖੰਨਿਅਹੁ ਤਿਖੀ ਬਹੁਤੁ ਪਿਈਣੀ

ਉਸੁ ਊਪਰਿ ਹੈ ਮਾਰਗ ਮੇਰਾ—ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ
ਦਰਸ਼ਕ ਛਮਾ ਛਮ ਰੋ ਰਹੇ ਸਨ ।

ਅਗਲੇ ਦਿਨ ਦੂਰ ਦੁਰਾਡੀਆਂ ਥਾਵਾਂ ਤੋਂ ਭੀ ਬਹੁਤ ਸਾਰੇ ਸਿੰਘ ਪੁਜ ਗਏ ਜਿਨਾਂ ਦੀ ਗਿਣਤੀ ਲੱਖ ਤੋਂ ਉਪਰ ਸੀ । ਕਿਉਂਕਿ ਗੁਰਦੁਆਰੇ ਤੋਂ ਬਾਹਰ ਭੀ ਕਈ ਸਿੰਘ ਸ਼ਹੀਦ ਕੀਤੇ ਅਤੇ ਸਾੜੇ ਗਏ ਸਨ ਜਿਸਤਰਾਂ ਭਾਈ ਦਲੀਪ ਸਿੰਘ ਭਾਈ ਵਰਿਆਮ ਸਿੰਘ ਆਦਿ ਕਈ ਸਿੰਘ ਘੁਮਿਆਰਾਂ ਦੀ ਆਵੀ ਵਿਚ, ਕੁਝ ਸਿੰਘ ਰੇਲਵੇ ਲਾਈਨ ਤੋਂ ਪਾਰ ਸਾੜੇ ਜਾਣ ਤੋਂ ਉਪਰੰਤ ਉਨਾਂ ਦੀਆਂ ਅਸਥੀਆਂ ਬਿਭੂਤੀ ਆਦਿ ਬੁਤ ਵਾਲੇ ਖੂਹ ਵਿਚ ਜੋ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੇ ਲਾਗੇ ਸੀ ਸੁਟੀ ਗਈ ਸੀ । ਇਨਾਂ ਥਾਉਂ ਥਾਈਂ ਹੋਏ ਸਾਰੇ ਸ਼ਹੀਦਾਂ ਦੇ ਅਧ ਸੜੇ ਸਰੀਰਾਂ ਦੇ ਹਿਸੇ. ਅਸਥੀਆਂ ਆਦਿ ਅਤੇ ਮਾਸ ਅਤੇ ਜੰਮੇ ਹੋਏ ਲਹੂ ਦੀਆਂ ਬੋਟੀਆਂ ਜਿਥੋਂ ੨ ਭੀ ਮਿਲ ਸਕੇ ਸਾਰੀਆਂ ਨੂੰ ਗੁਰਦੁਆਰੇ ਦੇ ਇਹਾਤੇ ਅੰਦਰ ਇਕਠਾ ਕਰਨਾ ਸ਼ੁਰੂ ਕੀਤਾ ਗਿਆ । ੨੨ ਫਰਵਰੀ ਨੂੰ ਰਾਵਲ ਪਿੰਡੀ ਤੋਂ ਸ੍ਰ: ਸੁੰਦਰ ਸਿੰਘ ਜੀ ਮਜੀਠੀਆ, ਜੋ ਉਹਨੀਂ ਦਿਨੀਂ ਪੰਜਾਬ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਸਨ ਦੀ ਤਾਰ ਪੁਜੀ ਕਿ ਪੰਜਾਬ ਦਾ ਗਵਰਨਰ ਮੈਕਲੈਗਨ ਸਾਹਿਬ ਸਾਕੇ ਦਾ ਦਰਿਸ਼ ਵੇਖਣ ਲਈ ਨਨਕਾਣਾ ਸਾਹਿਬ ਆ ਰਿਹਾ ਹੈ ਇਸ ਲਈ ਉਨਾਂ ਦੇ ਆਉਣ ਤਕ ਸ਼ਹੀਦਾਂ ਦਾ ਸਸਕਾਰ ਨ ਕੀਤਾ ਜਾਵੇ ।

ਅਗਲੇ ਦਿਨ ਅਥਵਾ ੨੩ ਫਰਵਰੀ ਦੀ ਸਵੇਰ ਨੂੰ ਗਵਰਨਰ ਪੰਜਾਬ ਸਮੇਤ ਕਈ ਹੋਰ ਅੰਗਰੇਜ਼ ਅਫਸਰਾਂ ਅਤੇ ਕੌਂਸਲਰਸ ਸ੍ਰ: ਸੁੰਦਰ ਸਿੰਘ ਮਜੀਠੀਆ, ਲਾਲਾ ਹਰਕਿਸ਼ਨ ਲਾਲ ਅਤੇ ਸਰ ਫਜ਼ਲ ਹੁਸੈਨ ਦੇ ਨਨਕਾਣਾ ਸਾਹਿਬ ਪੁਜੇ। ਇਨਾਂ ਨੂੰ ਗੁਰਦੁਆਰੇ ਦੇ ਅੰਦਰ ਲੈ ਜਾ ਕੇ ਸਾਕੇ ਦੇ ਸਾਰੇ ਦਰਿਸ਼ ਵਿਖਾਏ ਗਏ ਜਿਨਾਂ ਦਾ ਗਵਰਨਰ ਦੇ ਮਨ ਉਤੇ ਗਹਿਰਾ ਅਸਰ ਹੋਇਆ ।

ਇਨਾਂ ਦੇ ਚਲੇ ਜਾਣ ਪਿਛੋਂ ਸਾਰੇ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ

Digitized by Panjab Digital Library | www.panjabdigilib.org

ਦੇ ਇਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਮ੍ਹਣੇ ਜਿਸ ਜਗਾ ਸ਼ਹੀਦ ਗੰਜ ਬਣਿਆ ਹੋਇਆ ਹੈ, ਤਿਆਰ ਕੀਤਾ ਗਿਆ। ਭਾਈ ਸਾਹਿਬ ਜੋਧ ਸਿੰਘ ਜੀ ਨੇ ਸ਼ਹੀਦਾਂ ਦੇ ਨਮਿਤ ਅਤਿ ਵੈਰਾਗਮਈ ਭਾਵ ਪੂਰਤ ਅਰਦਾਸਾ ਸੋਧਿਆ ਅਤੇ ਸ਼ਾਮ ਦੇ ਸਤ ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

ਸਸਕਾਰ ਹੋ ਚੁਕਣ ਅਤੇ ਕੀਰਤਨ ਸੋਹਿਲੇ ਦਾ ਪਾਠ ਹੋਣ ਪਿਛੋਂ ਭਾਈ ਹੀਰਾ ਸਿੰਘ ਜੀ ਰਾਗੀ ਫਿਰੂਕੇ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤੋਂ ਜਿਸ ਵਿਚ ਸਿੰਘਾਂ ਦੀ ਸ਼ਹੀਦੀ ਸਮੇਂ ਨੌ ਗੋਲੀਆਂ ਲਗੀਆਂ ਸਨ ਹੁਕਮ ਲਿਆ ਤਾਂ ਹੇਠਾਂ ਲਿਖੇ ਸ਼ਬਦ ਦਾ ਹੁਕਮ ਅਰਸ਼ਾਦ ਹੋਇਆ : ਰਾਗ ਵਡਹੰਸ ਮਹਲਾ ੫ ਛੰਤ ਘਰ ੪

ਸਲੋਕੁ ॥ ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ–
ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ

ਛੰਤ ॥ ਮਿਲਿ ਜਲੁ ਜਲਹਿ ਖਟਾਨਾ ਰਾਮ ਸੰਗਿ ਜੋਤੀ ਜੋਤਿ ਮਿਲਾਨਾ ਰਾਮ
ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ
ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ
ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ।

ਨਨਕਾਣਾ ਸਾਹਿਬ ਦੇ ਇਸ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਦਾ ਸਹੀਈ ਤੌਰ ਤੇ ਨਿਰਨਾ ਨਹੀਂ ਕੀਤਾ ਜਾ ਸਕਿਆ ਕਿਉਂਕਿ ਤਿੰਨ ਲਾਸ਼ਾਂ ਤੋਂ ਬਿਨਾਂ ਬਾਕੀ ਜਿਤਨੀਆਂ ਭੀ ਲਾਸ਼ਾਂ ਸਨ ਵਢੀਆਂ ਟੁਕੀਆਂ ਅਤੇ ਸੜੀਆਂ ਹੋਈਆਂ ਸਨ। ਕਈਆਂ ਦੇ ਕੁਝ ਅੰਗ ਸੜੇ ਹੋਏ ਮਿਲੇ, ਕਈ ਸਿਰਫ ਝੁਲਸੀਆਂ ਹੋਈਆਂ ਸਨ ਅਤੇ ਕਈ ਉਕਾ ਹੀ ਸੁਆਹ ਅਤੇ ਹਡੀਆਂ ਦੀ ਮੁਠ ਹੋ ਚੁਕੀਆਂ ਸਨ, ਪੋਲੀਸ ਨੇ ਮੌਕੇ ਤੇ ਪੜਤਾਲ ਉਪ੍ਰੰਤ ਅੰਗ ਅੰਗ ਜੋੜ ਕੇ ਜੋ ਗਿਣਤੀ ਦਾ ਅਨੁਮਾਣ ਲਗਾਇਆ ਓਹ ੧੫੬ ਸੀ, ਉਸ ਸਮੇਂ ਦੀਆਂ ਅਖਬਾਰਾਂ ਵਿਚ ਇਹ ਗਿਣਤੀ ੧੨੦

੧੫੦ ਅਤੇ ੨੦੦ ਛਪੀ, ਸ੍ਰ: ਹਰਬੰਸ ਸਿੰਘ ਰਈਸ ਅਟਾਰੀ ਅਤੇ ਭਾਈ ਜੋਧ ਸਿੰਘ ਜੋ ਸਾਕੇ ਮਗਰੋਂ ਸਭ ਤੋਂ ਪਹਿਲੋਂ ਨਨਕਾਣਾ ਸਾਹਿਬ ਪੁਜੇ ਸਜਣਾਂ ਵਿਚੋਂ ਸਨ ਦਾ ਅੰਦਾਜ਼ਾ ੯੦-੯੫ ਸਿੰਘਾਂਦੇ ਸ਼ਹੀਦ ਹੋਣ ਦਾ ਹੈ, ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ ਨੇ ਬਾਹਰ ਪਿੰਡਾਂ ਤੋਂ ਪੜਤਾਲ ਕਰਕੇ ਜਿਨਾਂ ਸ਼ਹੀਦਾਂ ਦੇ ਵਾਰਸਾਂ ਦਾ ਪਤਾ ਲਗਾਇਆ ਉਨਾਂ ਦੀ ਗਿਣਤੀ ੮੬ ਹੈ, ਹੋ ਸਕਦਾ ਹੈ ਕਈ ਅਜੇਹੇ ਸਿੰਘ ਭੀ ਸ਼ਹੀਦ ਹੋਏ ਹੋਣ ਜਿਨਾਂ ਦਾ ਪਿਛੇ ਵਾਰਸ ਕੋਈ ਨਹੀਂ ਸੀ,

ਜਿਨਾਂ ਸ਼ਹੀਦਾਂ ਦੇ ਵਾਰਸ ਲਭੇ ਜਾ ਸਕੇ, ਗੁ: ਕਮੇਟੀ ਵਲੋਂ ਉਨਾਂ ਨੂੰ ਉਨਾਂ ਦੇ ਜੀਵਣ ਪਰਯੰਤ ਮਾਸਕ ਪੈਨਸ਼ਨਾਂ ਦੇਣ ਦਾ ਫੈਸਲਾ ਕੀਤਾ ਗਿਆ, ਬਹੁਤ ਸਾਰੇ ਸ਼ਹੀਦ ਜੋ ਪਿਛੇ ਕਰਜਾ ਛਡ ਕੇ ਸ਼ਹੀਦੀ ਪਾ ਗਏ ਸਨ, ਉਨਾਂ ਦੇ ਕਰਜ਼ਿਆਂ ਦੀ ਅਦਾਇਗੀ ਕਮੇਟੀ ਵਲੋਂ ਕੀਤੀ ਗਈ ਤਾਂ ਜੋ ਕਰਜ਼ਾ ਲੈਣ ਵਾਲੇ ਉਨ੍ਹਾਂ ਦੇ ਵਾਰਸਾਂ ਨੂੰ ਤੰਗ ਨ ਕਰਣ। ਕਈ ਸ਼ਹੀਦਾਂ ਦੇ ਵਾਰਸਾਂ ਨੇ, ਜਿਨ੍ਹਾਂ ਦੀ ਆਰਥਕ ਹਾਲਤ ਅਛੀ ਸੀ ਪੈਨਸ਼ਨ ਆਦਿ ਲੈਣ ਤੋਂ ਇਨਕਾਰ ਕੀਤਾ, ਕਈ ਸ਼ਹੀਦਾਂ ਨੇ ਆਪਨੇ ਪਿੰਡੀਂ ਪਾਠਸ਼ਾਲਾਂ ਖੋਹਲ ਰਖੀਆਂ ਸਨ ਉਨਾਂ ਨੂੰ ਚਲਦਾ ਰਖਣ ਲਈ ਭੀ ਕਮੇਟੀ ਵਲੋਂ ਸਹਾਇਤਾ ਦਿਤੀ ਜਾਂਦੀ ਰਹੀ। ਪਿਛੇ ਦਿਤੀ ਅੰਤਕਾ ਵਿਚ ਇਨਾਂ ੮੬ ਸ਼ਹੀਦਾ ਦੇ ਨਾਮ, ਪਿਤਾ ਦਾ ਨਾਮ ਅਤੇ ਪਤੇ ਛਪੇ ਹਨ

ਸ਼ਹੀਦਾਂ ਦੀ ਯਾਦਗਾਰ ਸੁੰਦਰ ਸ਼ਹੀਦ ਗੰਜ ਦਾ ਅਸਥਾਨ ਸ਼ਹੀਦਾਂ ਦੇ ਸਸਕਾਰ ਵਾਲੇ ਥਾਉਂ ਤੇ ਬਣਾਇਆ ਹੋਇਆ ਹੈ, ਜਿਸ ਦੇ ਹੇਠਾਂ ਇਕ ਭੋਰਾ ਬਣਾ ਕੇ ਉਸ ਦੇ ਅੰਦਰ ਸ਼ੀਸ਼ੇ ਦੇ ਢਕਨੇ ਹੇਠ ਸ਼ਹੀਦਾਂ ਦੀ ਬਿਭੂਤੀ ਅਤੇ ਅਸਥੀਆਂ ਸੁਰਖਿਅਤ ਕੀਤੀਆਂ ਹੋਇਆਂ ਹਨ, ਦੇਸ਼ ਵੰਡ ਤੋਂ ਪਹਿਲੋਂ ਇਸ ਬਿਭੂਤੀ ਆਦਿ ਦੇ ਦਰਸ਼ਨਾ ਲਈ ਭੋਰੇ ਦੇ ਅੰਦਰ ਜਾਣ ਲਈ ਪਕੀਆਂ ਪੌੜੀਆਂ ਬਣੀਆ ਹੋਈਆਂ ਸਨ ਜੋ ਰਸਤਾ ਪਾਕਸਤਾਨ ਬਨਣ ਸਮੇਂ ਬੰਦ ਕਰ ਦਿਤਾ ਗਿਆ ਸੀ। ਸਾਕੇ ਦੇ ਮੁਕੰਮਲ ਹਾਲਾਤ ਪੰਜਾਬ ਅੰਗ੍ਰੇਜ਼ੀ ਫ਼ਾਰਸੀ ਉਰਦੂ ਹਿੰਦੀ ਆਦਿ ਸਤ ਜ਼ਬਾਨਾ ਵਿਚ ਅੰਕਤ ਇਸ

Digitized by Panjab Digital Library | www.panjabdigilib.org

ਭੋਰੇ ਹੇਠ ਦਫਨ ਕੀਤੇ ਗਏ ਹੋਏ ਹਨ, ਕਮੇਟੀ ਨੇ 'ਸ਼ਹੀਦੀ ਜੀਵਣ' ਨਾਮ ਦੀ ਪੁਸਤਕ ਨਵੰਬਰ ੧੯੩੮ ਵਿਚ ਪ੍ਰਕਾਸ਼ਤ ਕਰਵਾਈ ਇਸ ਵਿਚ ਸਾਰੇ ਸ਼ਹੀਦਾ ਦੇ ਵਿਸਥਾਰ ਪੂਰਬਕ ਹਾਲ ਲਿਖੇ ਹਨ

ਇਨਾਂ ਸ਼ਹੀਦਾਂ ਦੀ ਯਾਦ ਵਿਚ ਹੀ ਅੰਮ੍ਰਿਤਸਰ ਵਿਚ ਸ਼ਹੀਦ ਸਿਖ ਮਿਸ਼ਨਰੀ ਕਾਲਜ ਖੋਲ੍ਹਿਆ ਗਿਆ ਸੀ ਜੋ ਹਣ ਤਕ ਬਦਸਤੂਰ ਚਲਦਾ ਹੈ ਪ੍ਰੰਤੂ ਇਨਾਂ ਦੀ ਸਭ ਤੋਂ ਵਡੀ ਯਾਦ ਜੋ ਸਿਖ ਕੌਮ ਨੇ ਸਮੁਚੇ ਤੌਰ ਕਾਇਮ ਕੀਤੀ ਓਹ ਹਰ ਸਿਖ ਦੀ ਨਿਤਾ ਪ੍ਰਤ ਕੀਤੀ ਜਾਂਦੀ ਅਰਦਾਸ ਅੰਦਰ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਵਿਸ਼ੇਸ਼ ਜ਼ਿਕਰ ਹੈ ਜੋ ਸਵੇਰ ਸ਼ਾਮ ਹਰ ਰੋਜ਼ ਸ਼ਹੀਦਾਂ ਦੀ ਇਸ ਕੁਰਬਾਨੀ ਦਾ ਧਿਆਨ ਧਰਾਕੇ ਇਸ ਅਦੁਤੀ ਸ਼ਹੀਦੀ ਦੀ ਚਿਤਾਉਣੀ ਦੇਂਦਾ ਹੈ, ਸ਼ਹੀਦਾਂ ਦੀ ਯਾਦ ਅੰਦਰ ਹਰ ਸਾਲ ੧੦ ਫਗਣ ਨੂੰ ਨਨਕਾਣਾ ਸਾਹਿਬ ਵਿਚ ਮੇਲਾ ਕੀਤਾ ਜਾਂਦਾ ਸੀ

ਨੋਟਃ ਇਸ ਲੇਖ ਦੇ ਬਹੁਤ ਸਾਰੇ ਵਾਕਿਆਤ ਲੇਖਕ ਦੇ ਅਖੀਂ ਡਿਠੇ ਹਨ ।

Digitized by Panjab Digital Library | www.panjabdigilib.org

# ਸ਼ਹੀਦ ਸਿੰਘਾਂ ਦੀ ਸੂਚੀ

| ਨੰ: | ਸ਼ਹੀਦ ਦਾ ਨਾਮ | ਪਿਤਾ ਦਾ ਨਾਮ | ਨਿਵਾਸ ਅਸਥਾਨ | ਜ਼ਿਲਾ |
|---|---|---|---|---|
| ੧ | ਭਾਈ ਲਛਮਣ ਸਿੰਘ | | ਧਾਰੋਵਾਲ | ਸ਼ੇਖ਼ੂਪੁਰਾ |
| ੨ | ,, ਈਸ਼ਰ ਸਿੰਘ | ਭਾਈ ਹਰਦਿਤ ਸਿੰਘ | ,, | ,, |
| ੩ | ,, ਮੰਗਲ ਸਿੰਘ | ,, ਰਤਾ ਸਿੰਘ | ,, | ,, |
| ੪ | ,, ਸੁੰਦਰ ਸਿੰਘ | ,, ਜਗਤ ਸਿੰਘ | ,, | ,, |
| ੫ | ,, ਆਤਮਾ ਸਿੰਘ | ,, ਹੀਰਾ ਸਿੰਘ | ,, | ,, |
| ੬ | ,, ਈਸ਼ਰ ਸਿੰਘ | ,, ਵਧਾਵਾ ਸਿੰਘ | ,, | ,, |
| ੭ | ,, ਚਰਨ ਸਿੰਘ | ,, ਗੁਰਦਿਤ ਸਿੰਘ | ਕੋਟਲਾ ਸੰਤਾ ਸਿੰਘ | |
| ੮ | ,, ਨਰਾਇਣ ਸਿੰਘ | ,, | ਬੁਰਜ ਚਕ ੫੫ | ,, |
| ੯ | ,, ਦਿਆਲ ਸਿੰਘ | ,, ਦੇਵਾ ਸਿੰਘ | ,, | ,, |
| ੧੦ | ,, ਕਿਸ਼ਨ ਸਿੰਘ | ,, ਸੁੰਦਰ ਸਿੰਘ | ,, | ,, |
| ੧੧ | ,, ਹਜ਼ਾਰਾ ਸਿੰਘ | ,, ਲਾਲ ਸਿੰਘ | ਬੁੰਡਾਲਾ ਚਕ ੬੪ | |
| ੧੨ | ,, ਵਰਿਆਮ ਸਿੰਘ | ,, ਦੂਲਾ ਸਿੰਘ | ,, | ,, |
| ੧੩ | ,, ਚੇਤ ਸਿੰਘ | ,, ਜੁਆਲਾ ਸਿੰਘ | ,, | ,, |
| ੧੪ | ,, ਉਜਾਗਰ ਸਿੰਘ | ,, ਜਗਤ ਸਿੰਘ | ,, | ,, |
| ੧੫ | ,, ਸਮਾਂ ਸਿੰਘ | ,, ਪਾਲਾ ਸਿੰਘ | ਬੁੰਡਾਲਾ ਚਕ ੭੧ | |
| ੧੬ | ,, ਬਾਰਾ ਸਿੰਘ | ,, ਪਾਲਾ ਸਿੰਘ | ,, | ,, |
| ੧੭ | ,, ਈਸ਼ਰ ਸਿੰਘ | ,, ਸੰਤ ਸਿੰਘ | ,, | ,, |
| ੧੮ | ;, ਧਰਮ ਸਿੰਘ | ,, ਸੰਤ ਸਿੰਘ | ,, | ,, |
| ੧੯ | ,, ਟਹਿਲ ਸਿੰਘ | ,, ਚੰਦਾ ਸਿੰਘ | ਨਜ਼ਾਮ ਪੁਰ ਦੇਵਾ ਸਿੰਘ ਵਾਲਾ | |
| ੨੦ | ,, ਸੁਰੈਣ ਸਿੰਘ | ,, ਮਿਤ ਸਿੰਘ | ,, | ,, |
| ੨੧ | ,, ਬੱਗਾ ਸਿੰਘ | ,, ਗੰਗਾ ਸਿੰਘ | ,, | ,, |

Digitized by Panjab Digital Library | www.panjabdigilib.org

| | | | | | | |
|---|---|---|---|---|---|---|
| ੨੨ | ,, | ਹਰਨਾਮ ਸਿੰਘ | ,, | ਈਸ਼ਰ ਸਿੰਘ | ,, | ,, |
| ੨੩ | ,, | ਦੱਲ ਸਿੰਘ | ,, | ਮੁਸੱਦਾ ਸਿੰਘ | ,, | ,, |
| ੨੪ | ,, | ਕੇਸਰ ਸਿੰਘ | ,, | ਪਾਲ ਸਿੰਘ | ,, | ,, |
| ੨੫ | ,, | ਭਗਵਾਨ ਸਿੰਘ | ,, | ਲਹਿਣਾ ਸਿੰਘ | ,, | ,, |
| ੨੬ | ,, | ਜੁਆਲਾ ਸਿੰਘ | ,, | ਕੇਸਰ ਸਿੰਘ | ,, | ,, |
| ੨੭ | ,, | ਖੁਸ਼ਹਾਲ ਸਿੰਘ | ,, | ਬੁਧ ਸਿੰਘ | ,, | ,, |
| ੨੮ | ,, | ਜਵੰਦ ਸਿੰਘ | ,, | ਆਲਾ ਸਿੰਘ | ,, | ,, |
| ੨੯ | ,, | ਪੰਜਾਬ ਸਿੰਘ | ,, | ਪਹੂ ਸਿੰਘ | ,, | ,, |
| ੩੦ | ,, | ਨਰੈਣ ਸਿੰਘ | ,, | ਪਹੁ ਸਿੰਘ | ,, | ,, |
| ੩੧ | ,, | ਰਾਮ ਸਿੰਘ | ,, | ਝੰਡਾ ਸਿੰਘ | ,, | ,, |
| ੩੨ | ,, | ਸੁੰਦਰ ਸਿੰਘ | ,, | ਚੰਦਾ ਸਿੰਘ | ,, | ,, |
| ੩੩ | ,, | ਭਾਗ ਸਿੰਘ | ,, | ਅਮੀਰ ਸਿੰਘ | ,, | ,, |
| ੩੪ | ,, | ਸੇਵਾ ਸਿੰਘ | ,, | ਈਸ਼ਰ ਸਿੰਘ | ਨਜ਼ਾਮ ਪੁਰ ਮੂਲਾ ਸਿੰਘ ਵਾਲਾ | |
| ੩੫ | ,, | ਬੂੜ ਸਿੰਘ | ,, | ਮੱਲ ਸਿੰਘ | ,, | ,, |
| ੩੬ | ,, | ਸੁਰੈਣ ਸਿੰਘ | ,, | ਰਾਮ ਸਿੰਘ | ,, | ,, |
| ੩੭ | ,, | ਗੁਜਰ ਸਿੰਘ | ,, | ਝੰਡਾ ਸਿੰਘ | ਨਜ਼ਾਮ ਪੁਰ ਚੇਲੇ ਵਾਲਾ | |
| ੩੮ | ,, | ਚੰਦਾ ਸਿੰਘ | ,, | ਕਾਹਨ ਸਿੰਘ | ,, | ,, |
| ੩੯ | ,, | ਗੰਗਾ ਸਿੰਘ | ,, | ਕਾਹਨ ਸਿੰਘ | ,, | ,, |
| ੪੦ | ,, | ਵਰਿਆਮ ਸਿੰਘ | ,, | ਭਾਗ ਸਿੰਘ | ,, | ,, |
| ੪੧ | ,, | ਸੰਤਾ ਸਿੰਘ | ,, | ਮੋਹਰਾ | ਫਤਹ ਗੜ੍ਹ | ਸ਼ੁਕਰਚਕੀਆਂ |
| ੪੨ | ,, | ਈਸ਼ਰ ਸਿੰਘ ਗੂੰਥੀ | ,, | ਅਤਰ ਸਿੰਘ | ਬਹੋੜੂ | ਚਕ ੧੮ |
| ੪੩ | ,, | ਗੋਪਾਲ ਸਿੰਘ | ,, | ਹੁਕਮ ਸਿੰਘ | ,, | ,, |
| ੪੪ | ,, | ਮੋਤਾ ਸਿੰਘ | ,, | ਹਰੀ ਸਿੰਘ | ,, | ,, |
| ੪੫ | ,, | ਨੰਦ ਸਿੰਘ | ,, | ਭਗਵਾਨ ਸਿੰਘ | ਥੋਥੀਆ | ਚਕ ੧੦ |

Digitized by Panjab Digital Library | www.panjabdigilib.org

| | | | | | | |
|---|---|---|---|---|---|---|
| ੪੬ | ,, | ਹਰੀ ਸਿੰਘ | ,, | ਘਨਈਆ ਸਿੰਘ | ,, | ,, |
| ੪੭ | ,, | ਰੂੜ ਸਿੰਘ | ,, | ਨਿਹਾਲ ਸਿੰਘ | ,, | ,, |
| ੪੮ | ,, | ਤੇਜਾ ਸਿੰਘ | ,, | ਸੰਮਾ ਸਿੰਘ | ,, | ,, |
| ੪੯ | ,, | ਬੇਲਾ ਸਿੰਘ | ,, | ਮੱਯਾ | ਕਰਤਾਰਪੁਰ | ਜਲੰਧਰ |
| ੫੦ | ,, | ਮੂਲਾ ਸਿੰਘ | ,, | ਜੀਵਨ ਸਿੰਘ | ਵੱਲਾ | ਅੰਮ੍ਰਿਤਸਰ |
| ੫੧ | ,, | ਸੰਤਾ ਸਿੰਘ ਜਥੇਦਾਰ | ,, | ਨੰਦ ਸਿੰਘ | ਡੱਲਾ ਨੰਗਲ | ਸ਼ੇਖੂਪੁਰਾ |
| ੫੨ | ,, | ਸੰਤਾ ਸਿੰਘ | ,, | ਨੰਦ ਸਿੰਘ | ਸ਼ਾਹਕੋਟ | ,, |
| ੫੩ | ,, | ਹਰਨਾਮ ਸਿੰਘ | ,, | ਸੁੰਦਰ ਸਿੰਘ | ,, | ,, |
| ੫੪ | ,, | ਗੁਰਬਖਸ਼ ਸਿੰਘ | ,, | ਚੰਦਾ ਸਿੰਘ | ,, | ,, |
| ੫੫ | ,, | ਇੰਦਰ ਸਿੰਘ | ,, | ਮਹਿਤਾਬ ਸਿੰਘ | ,, | ,, |
| ੫੬ | ,, | ਗੁਲਾਬ ਸਿੰਘ | ,, | ਹੀਰਾ ਸਿੰਘ | ,, | ,, |
| ੫੭ | ,, | ਕੇਹਰ ਸਿੰਘ | ,, | ਜੀਵਨ ਸਿੰਘ | ਜਰਗ | ਪਟਿਆਲਾ |
| ੫੮ | ,, | ਦਰਬਾਰਾ ਸਿੰਘ | ,, | ਕੇਹਰ ਸਿੰਘ ਸ਼ਹੀਦ | ,, | ,, |
| ੫੯ | ,, | ਗੰਡਾ ਸਿੰਘ | ,, | ਕਰਮ ਸਿੰਘ | ਭਸੀਨ | ਲਾਹੌਰ |
| ੬੦ | ,, | ਬਚਿੱਤਰ ਸਿੰਘ ਗੂੰਬੀ | | | ਡੱਲਾ ਚੰਦਾ ਸਿੰਘ | ਸ਼ੇਖੂਪੁਰਾ |
| ੬੧ | ,, | ਕੇਸਰ ਸਿੰਘ | ,, | ਮੀਂਹਾਂ ਸਿੰਘ | ਵਣੋਟਿਆਂ ਵਾਲੀ | |
| ੬੨ | ,; | ਸੋਹਣ ਸਿੰਘ | ,, | ਕੇਸਰ ਸਿੰਘ | ,, | ,, |
| ੬੩ | ,, | ਵਰਿਆਮ ਸਿੰਘ | ,, | ਬੁਲਾਕਾ ਸਿੰਘ | ,, | ,, |
| ੬੪ | ,, | ਹੀਰਾ ਸਿੰਘ | ,, | ਬੂਟਾ ਸਿੰਘ | ,, | ,, |
| ੬੫ | ,, | ਸੁੰਦਰ ਸਿੰਘ ਜਥੇ: | ,, | ਬਿਸ਼ਨ ਸਿੰਘ | ਧੰਨੂਆਣਾ | ਲਾਇਲਪੁਰ |
| ੬੬ | ,, | ਸੋਹਣ ਸਿੰਘ | ,, | ਸ਼ੇਰ ਸਿੰਘ | ,, | ,, |
| ੬੭ | ,, | ਹੁਕਮ ਸਿੰਘ | ,, | ਘਨਈਆ ਸਿੰਘ | ,, | ,, |
| ੬੮ | ,, | ਵਰਿਆਮ ਸਿੰਘ | ,, | ਬੂਟਾ ਸਿੰਘ | ,, | ,, |
| ੬੯ | ,, | ਦੀਵਾਨ ਸਿੰਘ | ,, | ਹੀਰਾ ਸਿੰਘ | ,, | ,, |
| ੭੦ | ,, | ਇੰਦਰ ਸਿੰਘ | ,, | ਸਰਮੁਖ ਸਿੰਘ | ,, | ,, |

Digitized by Panjab Digital Library | www.panjabdigilib.org

| | | | | |
|---|---|---|---|---|
| ੭੧ | ,, ਦਸੌਂਧਾ ਸਿੰਘ | ,, ਹੀਰਾ ਸਿੰਘ | ,, | ,, |
| ੭੨ | ,, ਹਰੀ ਸਿੰਘ | ,, ਸੇਵਾ ਸਿੰਘ | ,, | ,, |
| ੭੩ | ,, ਫੇਰਾ ਸਿੰਘ | ,, ਜੈਮਲ ਸਿੰਘ | ,, | ,, |
| ੭੪ | ,, ਬਚਿੰਤ ਸਿੰਘ | ,, ਸੁੰਦਰ ਸਿੰਘ | ਫਰਾਲਾ | ,, |
| ੭੫ | ,, ਘਨਈਆ ਸਿੰਘ | ,, ਸੁੰਦਰ ਸਿੰਘ | ,, | ,, |
| ੭੬ | ,, ਦਲ਼ੀਪ ਸਿੰਘ | ,, ਕਰਮ ਸਿੰਘ | ਸਾਹੋਵਾਲ | ,, |
| ੭੭ | ,, ਨਰਾਇਣ ਸਿੰਘ | ,, ਜਵਾਹਰ ਸਿੰਘ | ਲਹੁਕੇ | ,, |
| ੭੮ | ,, ਕਰਮ ਸਿੰਘ | ,, ਹਾਕਮ ਸਿੰਘ | ,, | ,, |
| ੭੯ | ,, ਠਾਕਰ ਸਿੰਘ | ,, ਇੰਦਰ ਸਿੰਘ | ਮਾਣਕ ਘੁੰਮਣ | ਜਲੰਧਰ |
| ੮੦ | ,, ਬੇਤਾ ਸਿੰਘ | ,, ਭੋਲਾ ਸਿੰਘ | ਬਿਹਾੜੇ | ਹੁਸ਼ਿਆਰ ਪੁਰ |
| ੮੧ | ,, ਬੁਧ ਸਿੰਘ | ,, ਸੁਰਜਨ ਸਿੰਘ | ਕਰਤਾਰ ਪੁਰ | ਸਿਆਲ ਕੋਟ |
| ੮੨ | ,, ਵਰਿਆਮ ਸਿੰਘ | ,, ਭਗਵਾਨ ਸਿੰਘ | ਟਿਬੀ ਜੈ ਸਿੰਘ | ਮਿੰਟ ਗੁਮਰੀ |
| ੮੩ | ,, ਮਹਿੰਗਾ ਸਿੰਘ | ,, ਝੰਡਾ ਸਿੰਘ | ਲਹੁਕੇ | ਲਾਇਲਪੁਰ |
| ੮੪ | ,, ਜੀਊਣ ਸਿੰਘ | ,, ਪਹੂ ਮਲ | ਸ਼ਹਿਰ | ,, |
| ੮੫ | ,, ਚਰਨ ਸਿੰਘ | ,, ਗੋਕਲ ਸਿੰਘ | ਡਿੰਗਾ | ਗੁਜਰਾਤ |
| ੮੬ | ,, ਜਗਤ ਸਿੰਘ | | ਸਬਾਜਪੁਰ | ਅੰਮਰਤਸਰ |

Digitized by Panjab Digital Library | www.panjabdigilib.org

# ਗੁਰੂ ਨਾਨਕ ਮਿਸ਼ਨ ਵਲੋਂ ਹੁਣ ਤਕ ਪ੍ਰਕਾਸ਼ਤ ਹੋਏ ਟ੍ਰੈਕਟ

| | | | |
|---|---|---|---|
| ਮੈਂ ਸਿਖ ਕਿਉਂ ਹਾਂ | ਪੰਜਾਬੀ ਤੇ ਅੰਗ੍ਰੇਜ਼ੀ | ਮੁੱਲ ੧੦ | ਪੈਸੇ |
| ਬਾਬਾਣੀਆਂ ਕਹਾਣੀਆਂ ਅੰਕ ੳ ਤੇ ਅ | ਪੰਜਾਬੀ | ਮੁੱਲ ੧੫ | ਪੈਸੇ |
| ਕ੍ਰਾਂਤੀਕਾਰ ਗੁਰੂ ਨਾਨਕ | ਪੰਜਾਬੀ | ,, ੧੨ | ,, |
| ਮਰਦ ਅਗੰਮੜਾ | ਪੰਜਾਬੀ ਤੇ ਹਿੰਦੀ | ,, ੧੫ | ,, |
| ਖਾਲਸੇ ਦਾ ਵਿਕਾਸ਼ | ਪੰਜਾਬੀ | ,, ੧੬ | ,, |
| ਬਾਣੀ ਦਾ ਬੋਹਿਥਾ | ਪੰਜਾਬੀ | ,, ੧੮ | ,, |
| ਨਾਨਕ ਨਾਮ ਚੜ੍ਹਦੀ ਕਲਾ | ਪੰਜਾਬੀ | ,, ੧੫ | ,, |
| ਬਿਨਾ ਸ਼ਸਤਰ ਕੇਸੰ ਨਰੰ ਭੇਡ ਜਾਨੋ ਹਿੰਦੀ | ਪੰਜਾਬੀ | ,, ੧੬ | ,, |
| ਗੁਰੂ ਗੋਬਿੰਦ ਸਿੰਘ ਗਾਥਾ ਤੇ ਬੰਦਾ ਸਿੰਘ ਬਹਾਦਰ | ਪੰਜਾਬੀ | ,, ੨੦ | ,, |
| ਗੁਰੂ ਕੌਣ ਹੈ ਅੰਕ ੳ | ਪੰਜਾਬੀ | ,, ੧੫ | ,, |
| ਅੰਕ ਅ ਗੁਰੂ ਸ਼ਬਦ ਹੈ | ਪੰਜਾਬੀ | ,, ੧੩ | ,, |
| ਸ੍ਰੀ ਦਸਮੇਸ਼ ਦੇ ਤ੍ਰੈ ਦਰਸ਼ਨ | ਪੰਜਾਬੀ | ,, ੧੫ | ,, |
| ਦਿਨ ਰੈਣਿ | ਪੰਜਾਬੀ | ,, ੧੫ | ,, |
| ਸਿਖ ਵੀਰਾਂ ਨੂੰ ਹਲੂਣਾ | ਪੰਜਾਬੀ | ,, ੧੫ | ,, |
| ੳੁਦਮ ਘਾਲ ਤੇ ਨਦਰ | ਪੰਜਾਬੀ | ,, ੨੦ | ,, |
| ਨਾਮ ਦਾਰੂ | ਪੰਜਾਬੀ | ,, ੧੫ | ,, |
| Guru Gobind Singh and Sik Way of Life | ਅੰਗਰੇਜ਼ੀ | ,, ੩੨ | ,, |
| ਧਰਮ ਹੇਤ ਗੁਰਦੇਵ ਪਠਾਇ | ਪੰਜਾਬੀ | ,, ੧੬ | ,, |
| A Spur to Sikh youth | ਅੰਗਰੇਜ਼ੀ | ,, ੧੬ | ,, |
| ਸ੍ਰੀ ਨਨਕਾਣਾ ਸਾਹਿਬ ਦੀ ਸ਼ਹਾਦਤ | ਪੰਜਾਬੀ | ,, ੨੫ | ,, |

ਪਕਾ-ਗਾਹਕ ਬਨਣ ਲਈ ਸਲਾਨਾ ਚੰਦਾ ਪੰਜ ਰੁਪਏ ।

B-1533

Digitized by Panjab Digital Library | www.panjabdigilib.org

Digitized by Panjab Digital Library | www.panjabdigilib.org